# ਤੁਹਾਡੇ ਬੱਚੇ ਦੀ ਹਰ ਦਿਨ ਮੱਦਦ ਕਰਨ ਲਈ ਸਾਖਰਤਾ ਅਤੇ ਅੰਕ-ਗਿਆਨ ਦੇ ਸੁਝਾਅ

## 0-12 ਸਾਲ ਦੀ ਉਮਰ ਦੇ ਬੱਚਿਆਂ ਦੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਇੱਕ ਗਾਈਡ



ਸਿੱਖਿਆ ਅਤੇ ਸਿਖਲਾਈ ਵਿਭਾਗ ਦੁਆਰਾ ਪ੍ਰਕਾਸ਼ਿਤ

Department of Education and Training (ਸਿੱਖਿਆ ਅਤੇ ਸਿਖਲਾਈ ਵਿਭਾਗ),
2 Treasury Place, East Melbourne, Victoria 3002.

ISBN: 978-0-7594-0636-0

# ਵਿਸ਼ਾ-ਵਸਤੂ


**ਮੈਂ ਇਸ ਪੁਸਤਿਕਾ ਦੀ ਵਰਤੋਂ ਕਿਵੇਂ ਕਰਾਂ? .......... 4**

**ਮੈਨੂੰ ਮੱਦਦ ਕਿੱਥੋਂ ਮਿਲ ਸਕਦੀ ਹੈ? .......... 6**

**ਜਨਮ ਤੋਂ ਸਕੂਲ ਗ੍ਰੇਡ 2 ਤੱਕ - ਸਾਖਰਤਾ .......... 9**

ਆਪਣੇ ਬੱਚੇ ਨੂੰ ਬੋਲਣ ਅਤੇ ਸੁਣਨ ਵਿੱਚ ਮੱਦਦ ਕਰਨਾ .......... 10

ਆਪਣੇ ਬੱਚੇ ਨੂੰ ਪੜ੍ਹਨ ਵਿੱਚ ਮੱਦਦ ਕਰਨਾ .......... 12

ਆਪਣੇ ਬੱਚੇ ਨੂੰ ਲਿਖਣ ਵਿੱਚ ਮੱਦਦ ਕਰਨਾ .......... 17

**ਜਨਮ ਤੋਂ ਸਕੂਲ ਗ੍ਰੇਡ 2 ਤੱਕ- ਅੰਕ-ਗਿਆਨ .......... 23**

ਘਰ ਵਿੱਚ ਇਕੱਠੇ ਮਿਲਕੇ ਗਣਿਤ ਪੜ੍ਹਨਾ .......... 24

**ਗ੍ਰੇਡ 3 ਤੋਂ ਗ੍ਰੇਡ 6 ਤੱਕ- ਸਾਖਰਤਾ .......... 33**

ਆਪਣੇ ਬੱਚੇ ਨੂੰ ਬੋਲਣ ਅਤੇ ਸੁਣਨ ਵਿੱਚ ਮੱਦਦ ਕਰਨਾ .......... 34

ਆਪਣੇ ਬੱਚੇ ਨੂੰ ਪੜ੍ਹਨ ਵਿੱਚ ਮੱਦਦ ਕਰਨਾ .......... 37

ਆਪਣੇ ਬੱਚੇ ਨੂੰ ਲਿਖਣ ਵਿੱਚ ਮੱਦਦ ਕਰਨਾ .......... 39

**ਗ੍ਰੇਡ 3 ਤੋਂ ਗ੍ਰੇਡ 6 ਤੱਕ- ਅੰਕ-ਗਿਆਨ .......... 45**

ਆਪਣੇ ਬੱਚੇ ਨਾਲ ਅੰਕ-ਗਿਆਨ ਦੀ ਪੜਚੋਲ ਕਰਨਾ .......... 45

# ਮੈਂ ਇਸ ਪੁਸਤਿਕਾ ਦੀ ਵਰਤੋਂ ਕਿਵੇਂ ਕਰਾਂ?

**ਖੋਜ ਇਹ ਦਰਸਾਉਂਦੀ ਹੈ ਕਿ ਬੱਚਿਆਂ ਦੀ ਸਿੱਖਿਆ, ਵਿਕਾਸ, ਸਿਹਤ, ਸੁਰੱਖਿਆ ਅਤੇ ਭਲਾਈ ਉੱਤੇ ਸਭ ਤੋਂ ਮਹੱਤਵਪੂਰਨ ਪ੍ਰਭਾਵ ਉਨ੍ਹਾਂ ਦੇ ਪਰਿਵਾਰ ਦਾ ਹੁੰਦਾ ਹੈ। ਤੁਹਾਡਾ ਪਰਿਵਾਰ ਤੁਹਾਡੀ ਦੇਖਭਾਲ ਵਿੱਚ ਬੱਚੇ ਦੇ ਸਕੂਲ ਜਾਣਾ ਸ਼ੁਰੂ ਕਰਨ ਦੀ ਤਿਆਰੀ ਵਿੱਚ ਮੱਦਦ ਕਰਨ ਵਿੱਚ, ਅਤੇ ਫਿਰ ਜਦੋਂ ਉਹ ਸਕੂਲ ਜਾਣਾ ਸ਼ੁਰੂ ਕਰ ਦਿੰਦੇ ਹਨ ਤਾਂ ਕਾਮਯਾਬ ਹੋਣ ਵਿੱਚ ਮੁੱਖ ਭੂਮਿਕਾ ਨਿਭਾ ਸਕਦਾ ਹੈ।**


ਇਹ ਪੁਸਤਿਕਾ ਤੁਹਾਡੇ ਬੱਚੇ ਨੂੰ ਸਾਖਰਤਾ ਅਤੇ ਅੰਕ-ਗਿਆਨ ਦੇ ਹੁਨਰ ਵਿਕਸਿਤ ਕਰਨ ਵਿੱਚ ਮੱਦਦ ਕਰਨ ਲਈ ਉਪਯੋਗੀ ਸੁਝਾਅ ਅਤੇ ਤਰੀਕੇ ਪ੍ਰਦਾਨ ਕਰਦੀ ਹੈ। ਇਹ ਮਜ਼ੇਦਾਰ, ਸਸਤੀਆਂ, ਪਹੁੰਚਯੋਗ ਅਤੇ ਵਿਹਾਰਕ ਗਤੀਵਿਧੀਆਂ ਦੱਸਦੀ ਹੈ ਜੋ ਤੁਸੀਂ ਆਪਣੇ ਬੱਚੇ ਨਾਲ ਘਰ ਵਿੱਚ ਕਰ ਸਕਦੇ ਹੋ। ਇਹ ਕਿਤਾਬਚਾ ਉਹ ਸਵਾਲ ਵੀ ਮੁਹੱਈਆ ਕਰਦਾ ਹੈ ਜੋ ਤੁਸੀਂ ਆਪਣੇ ਬੱਚੇ ਨੂੰ ਸਿੱਖਣ ਵਿੱਚ ਮੱਦਦ ਕਰਨ ਲਈ ਪੁੱਛ ਸਕਦੇ ਹੋ। ਇਹਨਾਂ ਵਿਹਾਰਕ ਗਤੀਵਿਧੀਆਂ ਨੂੰ ਕਰਨ ਨਾਲ ਤੁਹਾਡੇ ਬੱਚੇ ਨੂੰ ਪੜ੍ਹਨ ਅਤੇ ਲਿਖਣ ਦੇ ਸ਼ਾਨਦਾਰ ਹੁਨਰ ਵਿਕਸਿਤ ਕਰਨ ਵਿੱਚ ਮੱਦਦ ਮਿਲੇਗੀ, ਅਤੇ ਉਹਨਾਂ ਨੂੰ ਚੰਗੀ ਤਰ੍ਹਾਂ ਬੋਲਣ ਅਤੇ ਇੱਕ ਚੰਗਾ ਸੁਣਨ ਵਾਲਾ ਬਣਨ ਵਿੱਚ ਮੱਦਦ ਮਿਲੇਗੀ।

ਘਰ ਵਿੱਚ ਰੋਜ਼ਮਰਾ ਦੀਆਂ ਗਤੀਵਿਧੀਆਂ ਰਾਹੀਂ ਤੁਸੀਂ ਉਹਨਾਂ ਦੇ ਅੰਕ-ਗਿਆਨ ਦੇ ਹੁਨਰ ਨੂੰ ਵਿਕਸਤ ਕਰਨ ਵਿੱਚ ਵੀ ਮੱਦਦ ਕਰ ਸਕਦੇ ਹੋ, ਜਿਵੇਂ ਕਿ ਸੰਖਿਆਵਾਂ ਦੀ ਗਣਨਾ ਅਤੇ ਵਰਤੋਂ ਕਰਨਾ, ਪੈਟਰਨਾਂ ਨੂੰ ਪਛਾਣਨਾ, ਅਤੇ ਗਣਿਤ ਦੀ ਸਮਝ ਨੂੰ ਵਿਕਸਿਤ ਕਰਨ ਅਤੇ ਪ੍ਰਗਟ ਕਰਨ ਲਈ ਭਾਸ਼ਾ ਦੀ ਵਰਤੋਂ ਕਰਨਾ।

ਇਹ ਸਾਖਰਤਾ ਅਤੇ ਅੰਕ-ਗਿਆਨ ਦੀਆਂ ਗਤੀਵਿਧੀਆਂ ਤੁਹਾਡੇ ਲਈ ਉਤਸ਼ਾਹ, ਲਗਨ ਅਤੇ ਉਤਸੁਕਤਾ ਵਰਗੀਆਂ ਮੁੱਖ ਸਿੱਖਣ ਦੀਆਂ ਕਦਰਾਂ-ਕੀਮਤਾਂ ਨੂੰ ਉਦਾਹਰਨ ਬਣਾ ਕੇ ਪੇਸ਼ ਕਰਨ ਦੇ ਵਧੀਆ ਮੌਕੇ ਹਨ।

ਇਹਨਾਂ ਨੁਕਤਿਆਂ ਅਤੇ ਗਤੀਵਿਧੀਆਂ ਨੂੰ ਬੱਚੇ ਦੇ ਵੱਡੇ ਭੈਣ-ਭਰਾ ਅਤੇ ਦਾਦਾ-ਦਾਦੀ, ਜਾਂ ਬੱਚੇ ਦੇ ਜੀਵਨ ਵਿੱਚ ਹੋਰ ਸੰਬੰਧਿਤ ਵਿਅਕਤੀਆਂ ਦੁਆਰਾ ਵੀ ਵਰਤਿਆ ਜਾ ਸਕਦਾ ਹੈ, ਤਾਂ ਜੋ ਬੱਚੇ ਦੀ ਸਾਖਰਤਾ ਅਤੇ ਅੰਕ-ਗਿਆਨ ਦੇ ਹੁਨਰ ਨੂੰ ਵਿਕਸਤ ਕਰਨ ਵਿੱਚ ਮੱਦਦ ਕੀਤੀ ਜਾ ਸਕੇ।

ਇਸ ਪੁਸਤਿਕਾ ਨੂੰ ਦੋ ਉਮਰ ਸਮੂਹਾਂ ਲਈ ਸਾਖਰਤਾ ਅਤੇ ਅੰਕ-ਗਿਆਨ ਦੀਆਂ ਗਤੀਵਿਧੀਆਂ ਵਿੱਚ ਵੰਡਿਆ ਗਿਆ ਹੈ: ਜਨਮ ਤੋਂ ਸਕੂਲ ਗ੍ਰੇਡ 2, ਅਤੇ ਗ੍ਰੇਡ 3 - ਗ੍ਰੇਡ 6। ਆਪਣੇ ਬੱਚੇ ਦੇ ਪੱਧਰ ਲਈ ਢੁਕਵੇਂ ਭਾਗਾਂ 'ਤੇ ਜਾਓ ਅਤੇ ਸੁਝਾਵਾਂ ਅਤੇ ਆਸਾਨ ਨੁਕਤਿਆਂ ਨੂੰ ਦੇਖੋ। ਤੁਹਾਨੂੰ ਸਾਰੀਆਂ ਗਤੀਵਿਧੀਆਂ ਕਰਨ ਦੀ ਲੋੜ ਨਹੀਂ ਹੈ, ਪਰ ਹਰ ਰੋਜ਼ ਕੁੱਝ ਕਰਨ ਨਾਲ ਤੁਹਾਡੇ ਬੱਚੇ ਦੀ ਸਿੱਖਣ ਸਮਰੱਥਾ ਵਿੱਚ ਸੁਧਾਰ ਹੋਵੇਗਾ।



ਇਹ ਕਿਤਾਬਚਾ ਵਿਕਟੋਰੀਆ ਦੇ ਸ਼ੁਰੂਆਤੀ ਸਾਲਾਂ ਦੀ ਸਿਖਲਾਈ ਅਤੇ ਵਿਕਾਸ ਢਾਂਚੇ (Victorian Early Years Learning and Development Framework) (ਜਨਮ - 8 ਸਾਲ ਦੀ ਉਮਰ) ਅਤੇ ਵਿਕਟੋਰੀਅਨ ਪਾਠਕ੍ਰਮ (Victorian Curriculum) (ਲੇਵਲਜ਼ ਫਾਊਂਡੇਸ਼ਨ - 10) ਦੇ ਨਾਲ ਇਕਸਾਰ ਹੈ, ਜੋ ਕਿ ਦੋਵੇਂ ਹੀ ਇਹ ਰੂਪਰੇਖਾ ਦੱਸਦੇ ਹਨ ਕਿ ਸਾਰੇ ਬੱਚਿਆਂ ਲਈ ਕੀ ਸਿੱਖਣਾ ਅਹਿਮ ਹੈ। ਇਸ ਪੁਸਤਿਕਾ ਦੀਆਂ ਗਤੀਵਿਧੀਆਂ ਇਹਨਾਂ ਮਿਆਰਾਂ ਨੂੰ ਦਰਸਾਉਂਦੀਆਂ ਹਨ, ਅਤੇ ਤੁਹਾਡੇ ਬੱਚੇ ਦੀ ਸ਼ੁਰੂਆਤੀ ਬਚਪਨ ਦੀ ਸੇਵਾ ਅਤੇ ਸਕੂਲ ਵਿੱਚ ਹਰ ਰੋਜ਼ ਪੜ੍ਹਾਈ ਜਾਣ ਵਾਲੀ ਸਮੱਗਰੀ ਦਾ ਸਮਰਥਨ ਕਰਦੀਆਂ ਹਨ।

ਵਿਕਟੋਰੀਆ ਦੇ ਸ਼ੁਰੂਆਤੀ ਸਾਲਾਂ ਦੀ ਸਿਖਲਾਈ ਅਤੇ ਵਿਕਾਸ ਢਾਂਚੇ (Victorian Early Years Learning and Development Framework) ਬਾਰੇ ਜਾਣਕਾਰੀ ਲਈ ਇੱਥੇ ਜਾਓ:

http://www.education.vic.gov.au/Documents/childhood/providers/edcare/veyldframework.pdf

ਵਿਕਟੋਰੀਅਨ ਪਾਠਕ੍ਰਮ (Victorian Curriculum) ਬਾਰੇ ਜਾਣਕਾਰੀ ਲਈ ਇੱਥੇ ਜਾਓ:

http://victoriancurriculum.vcaa.vic.edu.au/

ਜੇਕਰ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ, ਤਾਂ ਤੁਸੀਂ ਹਮੇਸ਼ਾ ਆਪਣੇ ਬੱਚੇ ਨੂੰ ਅੰਗਰੇਜ਼ੀ ਦੀ ਬਜਾਏ ਆਪਣੀ ਪਹਿਲੀ ਭਾਸ਼ਾ ਦੀ ਵਰਤੋਂ ਕਰਦੇ ਹੋਏ ਇਹਨਾਂ ਗਤੀਵਿਧੀਆਂ ਵਿੱਚ ਸ਼ਾਮਲ ਕਰ ਸਕਦੇ ਹੋ। ਖੋਜ ਦਰਸਾਉਂਦੀ ਹੈ ਕਿ ਛੋਟੀ ਉਮਰ ਤੋਂ ਦੋ ਜਾਂ ਦੋ ਤੋਂ ਵੱਧ ਭਾਸ਼ਾਵਾਂ ਸਿੱਖਣ ਨਾਲ ਬੱਚਿਆਂ ਨੂੰ ਕਈ ਤਰੀਕਿਆਂ ਨਾਲ ਫਾਇਦਾ ਹੋ ਸਕਦਾ ਹੈ, ਅਤੇ ਉਹਨਾਂ ਨੂੰ ਸਾਰੇ ਵਿਸ਼ਿਆਂ ਦੇ ਖੇਤਰਾਂ ਵਿੱਚ ਸਕੂਲ ਵਿੱਚ ਕਾਮਯਾਬ ਹੋਣ ਵਿੱਚ ਮੱਦਦ ਮਿਲਦੀ ਹੈ।

# ਮੈਨੂੰ ਮੱਦਦ ਕਿੱਥੋਂ ਮਿਲ ਸਕਦੀ ਹੈ?

## ਤੁਹਾਡੇ ਬੱਚੇ ਦੀ ਮੈਟਰਨਲ ਐਂਡ ਚਾਈਲਡ ਹੈਲਥ ਨਰਸ

ਤੁਹਾਡੇ ਬੱਚੇ ਦੀ ਮੈਟਰਨਲ ਐਂਡ ਚਾਈਲਡ ਹੈਲਥ ਨਰਸ ਤੁਹਾਡੇ ਬੱਚੇ ਦੀ ਸਿਹਤ ਅਤੇ ਉਸਦੇ ਵਿਕਾਸ ਬਾਰੇ ਸਲਾਹ ਦੇ ਸਕਦੀ ਹੈ, ਅਤੇ ਤੁਹਾਡੇ ਬੱਚੇ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਦੇ ਤਰੀਕਿਆਂ ਬਾਰੇ ਆਮ ਸਲਾਹ ਵੀ ਦੇ ਸਕਦੀ ਹੈ।

## ਤੁਹਾਡੇ ਬੱਚੇ ਦੇ ਮੁੱਢਲੇ ਸਾਲਾਂ ਦੇ ਅਧਿਆਪਕ, ਕਿੰਡਰਗਾਰਟਨ ਅਧਿਆਪਕ ਅਤੇ ਸਕੂਲ ਅਧਿਆਪਕ ਤੋਂ

ਤੁਹਾਡੇ ਬੱਚੇ ਦੇ ਸ਼ੁਰੂਆਤੀ ਬਚਪਨ ਦੇ ਸਿੱਖਿਅਕ, ਕਿੰਡਰਗਾਰਟਨ ਅਧਿਆਪਕ ਅਤੇ ਸਕੂਲ ਅਧਿਆਪਕ ਇਸ ਬਾਰੇ ਸਲਾਹ ਦੇ ਸਕਦੇ ਹਨ ਕਿ ਤੁਸੀਂ ਆਪਣੇ ਬੱਚੇ ਦੀ ਸਾਖਰਤਾ ਅਤੇ ਅੰਕ-ਗਿਆਨ ਦੇ ਹੁਨਰ ਨੂੰ ਵਿਕਸਿਤ ਕਰਨ ਵਿੱਚ ਕਿਵੇਂ ਮੱਦਦ ਕਰ ਸਕਦੇ ਹੋ।

**ਉਹ ਵਿਸ਼ੇ ਜਿਨ੍ਹਾਂ ਬਾਰੇ ਤੁਸੀਂ ਆਪਣੇ ਬੱਚੇ ਦੇ ਸ਼ੁਰੂਆਤੀ ਸਾਲਾਂ ਦੇ ਸਿੱਖਿਅਕ, ਕਿੰਡਰਗਾਰਟਨ ਅਧਿਆਪਕ, ਜਾਂ ਅਧਿਆਪਕ ਨਾਲ ਚਰਚਾ ਕਰ ਸਕਦੇ ਹੋ:**

- ਸਾਖਰਤਾ ਅਤੇ ਗਣਿਤ ਦੇ ਤਜ਼ਰਬਿਆਂ ਨਾਲ ਤੁਹਾਡੇ ਬੱਚੇ ਦਾ ਰਵੱਈਆ ਅਤੇ ਆਤਮ-ਵਿਸ਼ਵਾਸ
- ਸਾਖਰਤਾ ਅਤੇ ਗਣਿਤ ਵਿੱਚ ਤੁਹਾਡੇ ਬੱਚੇ ਦੀ ਤਰੱਕੀ
- ਸਾਖਰਤਾ ਅਤੇ ਗਣਿਤ ਵਿੱਚ ਤੁਹਾਡਾ ਬੱਚਾ ਕਿਹੜੇ ਟੀਚਿਆਂ ਨੂੰ ਪ੍ਰਾਪਤ ਕਰਨ ਵੱਲ ਕੰਮ ਕਰ ਰਿਹਾ ਹੈ, ਅਤੇ ਤੁਸੀਂ ਉਹਨਾਂ ਨੂੰ ਪ੍ਰਾਪਤ ਕਰਨ ਲਈ ਆਪਣੇ ਬੱਚੇ ਦੀ ਮੱਦਦ ਕਿਵੇਂ ਕਰ ਸਕਦੇ ਹੋ।
- ਰਣਨੀਤੀਆਂ ਜੋ ਤੁਸੀਂ ਉਹਨਾਂ ਖੇਤਰਾਂ ਵਿੱਚ ਆਪਣੇ ਬੱਚੇ ਦੀ ਮੱਦਦ ਕਰਨ ਲਈ ਵਰਤ ਸਕਦੇ ਹੋ ਜਿੱਥੇ ਉਹਨਾਂ ਨੂੰ ਮੁਸ਼ਕਲਾਂ ਆਉਂਦੀਆਂ ਹਨ
- ਤੁਹਾਡੇ ਬੱਚੇ ਨੇ ਇਸ ਪੁਸਤਿਕਾ ਵਿੱਚ ਦਿੱਤੇ ਸੁਝਾਵਾਂ ਲਈ ਕਿਵੇਂ ਦੀ ਪ੍ਰਤੀਕਿਰਿਆ ਦਿੱਤੀ ਹੈ।

## ਔਨਲਾਈਨ ਸਰੋਤ

Department of Education and Training ਕੋਲ ਛੋਟੇ ਬੱਚਿਆਂ ਵਾਲੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਆਮ ਜਾਣਕਾਰੀ ਅਤੇ ਸਰੋਤ ਉਪਲਬਧ ਹਨ: https://www.vic.gov.au/education-information-parents

ਵਿਭਾਗ ਦੀ ਵੈੱਬਸਾਈਟ ਉੱਪਰ ਸਕੂਲੀ ਉਮਰ ਦੇ ਬੱਚਿਆਂ ਦੀ ਸਿਖਲਾਈ ਵਿੱਚ ਸਹਾਇਤਾ ਕਰਨ ਲਈ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ ਅਤੇ ਸਰੋਤ ਵੀ ਉਪਲਬਧ ਹਨ: https://www.vic.gov.au/supporting-your-childs-education

Victorian Premiers' Reading Challenge (ਵਿਕਟੋਰੀਅਨ ਪ੍ਰੀਮੀਅਰਜ਼ ਰੀਡਿੰਗ ਚੈਲੇਂਜ) ਹਰ ਸਾਲ ਮਾਰਚ ਤੋਂ ਸਤੰਬਰ ਤੱਕ ਚੱਲਦਾ ਹੈ। ਇਸ ਵਿੱਚ ਭਾਗ ਲੈ ਰਹੀਆਂ ਸ਼ੁਰੂਆਤੀ ਬਚਪਨ ਦੀਆਂ ਸੇਵਾਵਾਂ ਅਤੇ ਸਕੂਲ ਵੱਲੋਂ ਤੁਹਾਡੇ ਬੱਚੇ ਨੂੰ ਰਜਿਸਟਰ ਕੀਤਾ ਜਾਵੇਗਾ - ਨਹੀਂ ਤਾਂ ਤੁਸੀਂ ਆਪਣੇ ਬੱਚੇ ਨੂੰ ਇੱਥੇ ਆਪ ਵੀ ਰਜਿਸਟਰ ਕਰ ਸਕਦੇ ਹੋ: https://www.vic.gov.au/premiers-reading-challenge?Redirect=1

ਵਿਕਟੋਰੀਅਨ ਸਰਕਾਰ ਦੀ Find Use Share Education (ਫਾਇੰਡ ਯੂਜ਼ ਸ਼ੇਅਰ ਐਜੂਕੇਸ਼ਨ) (FUSE) ਵੈੱਬਸਾਈਟ ਤੁਹਾਡੇ ਘਰ ਦੇ ਕੰਪਿਊਟਰ ਜਾਂ ਸਥਾਨਕ ਲਾਇਬ੍ਰੇਰੀ ਕੰਪਿਊਟਰ ਤੋਂ ਵਧੀਆ ਸਿੱਖਣ ਦੇ ਸਾਧਨਾਂ ਨਾਲ ਜੁੜਨਾ ਆਸਾਨ ਬਣਾਉਂਦੀ ਹੈ। ਇਸ ਵਿੱਚ ਉਹ ਗੇਮਾਂ ਸ਼ਾਮਲ ਹਨ ਜੋ ਤੁਸੀਂ ਆਪਣੇ ਬੱਚੇ ਦੀ ਸਾਖਰਤਾ ਅਤੇ ਅੰਕ-ਗਿਆਨ ਦੇ ਹੁਨਰ ਨੂੰ ਬਣਾਉਣ ਲਈ ਉਹਨਾਂ ਨਾਲ ਖੇਡ ਸਕਦੇ ਹੋ: https://fuse.education.vic.gov.au





# ਜਨਮ ਤੋਂ ਸਕੂਲ ਗ੍ਰੇਡ 2
# ਸਾਖਰਤਾ

**ਜਨਮ ਤੋਂ ਹੀ ਬੱਚੇ ਦੀ ਭਾਸ਼ਾ ਅਤੇ ਸਾਖਰਤਾ ਦੇ ਹੁਨਰ ਨੂੰ ਵਿਕਸਤ ਕਰਨ ਵਿੱਚ ਪਰਿਵਾਰ ਮੁੱਖ ਭੂਮਿਕਾ ਨਿਭਾਉਂਦੇ ਹਨ। ਇੱਕ ਬੱਚੇ ਦੀ ਸੰਸਾਰ ਬਾਰੇ ਸਮਝ ਅਤੇ ਸਿੱਖਣ ਦੀ ਉਹਨਾਂ ਦੀ ਸਮਰੱਥਾ ਇਸ ਗੱਲ ਤੋਂ ਬਹੁਤ ਪ੍ਰਭਾਵਿਤ ਹੁੰਦੀ ਹੈ ਕਿ ਉਹਨਾਂ ਦਾ ਪਰਿਵਾਰ ਉਹਨਾਂ ਦੇ ਸਾਖਰਤਾ ਹੁਨਰ ਦੀ ਕਿੰਨੀ ਕਦਰ ਕਰਦਾ ਹੈ।**

**ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਵਿਚਾਰ ਕਰਨ ਲਈ ਕੁੱਝ ਮਹੱਤਵਪੂਰਨ ਜਾਣਕਾਰੀ:**

- ਜੋ ਬੱਚੇ ਜ਼ਿਆਦਾ ਸਾਖਰਤਾ ਹੁਨਰ ਨਾਲ ਸਕੂਲ ਸ਼ੁਰੂ ਕਰਦੇ ਹਨ, ਉਹ ਸਕੂਲ ਵਿੱਚ ਬਿਹਤਰ ਪ੍ਰਦਰਸ਼ਨ ਕਰਦੇ ਹਨ, ਇਹ ਗੱਲ ਸਿਰਫ਼ ਅੰਗਰੇਜ਼ੀ ਵਰਗੇ ਭਾਸ਼ਾ-ਆਧਾਰਿਤ ਵਿਸ਼ਿਆਂ ਤੱਕ ਹੀ ਸੀਮਤ ਨਹੀਂ ਹੈ।
- ਸ਼ੁਰੂਆਤੀ ਸਾਲਾਂ ਵਿੱਚ ਸਾਖਰਤਾ ਵੱਖ-ਵੱਖ ਗਤੀਵਿਧੀਆਂ ਅਤੇ ਗੱਲਬਾਤ ਕਰਨ ਦੇ ਰੂਪਾਂ ਦੀਆਂ ਕਿ ਕਿਸਮਾਂ ਹਨ, ਜਿਸ ਵਿੱਚ ਸੰਗੀਤ, ਹਿੱਲਣਾ-ਜੁਲਣਾ, ਡਾਂਸ, ਕਹਾਣੀ ਸੁਣਾਉਣ, ਵਿਜ਼ੂਅਲ ਆਰਟਸ ਅਤੇ ਡਰਾਮਾ ਦੇ ਨਾਲ-ਨਾਲ ਗੱਲ ਕਰਨਾ, ਦੇਖਣਾ, ਪੜ੍ਹਨਾ, ਡਰਾਇੰਗ ਕਰਨਾ ਅਤੇ ਲਿਖਣਾ ਸ਼ਾਮਲ ਹੈ। ਤੁਹਾਡੇ ਬੱਚੇ ਨੂੰ ਪੜ੍ਹਕੇ ਸੁਣਾਉਣਾ ਕਦੇ ਵੀ ਜਲਦੀ ਨਹੀਂ ਹੁੰਦਾ ਹੈ।
- ਮੌਖਿਕ ਭਾਸ਼ਾ ਦੇ ਹੁਨਰ ਪੜ੍ਹਨ ਅਤੇ ਲਿਖਣ ਦੇ ਹੁਨਰਾਂ ਦਾ ਇੱਕ ਮਹੱਤਵਪੂਰਨ ਪੂਰਵ-ਸੂਚਕ ਹੁੰਦੇ ਹਨ, ਇਸ ਲਈ ਤੁਹਾਡਾ ਬੱਚਾ ਜਿੰਨਾ ਵਧੀਆ ਢੰਗ ਨਾਲ ਬੋਲ ਸਕਦਾ ਹੈ, ਉਨ੍ਹਾਂ ਹੀ ਉਸਦੇ ਸਮੁੱਚੇ ਸਾਖਰਤਾ ਹੁਨਰਾਂ ਦਾ ਵਿਕਾਸ ਹੋਵੇਗਾ। ਆਪਣੇ ਬੱਚੇ ਨਾਲ ਜਿੰਨਾ ਹੋ ਸਕੇ ਗੱਲ ਕਰੋ ਅਤੇ ਉਸਨੂੰ ਅਕਸਰ ਗੱਲਬਾਤ ਵਿੱਚ ਸ਼ਾਮਲ ਕਰੋ।
- ਬੱਚਿਆਂ ਦੇ ਸ਼ੁਰੂਆਤੀ ਸਾਲਾਂ ਵਿੱਚ ਸਾਖਰਤਾ ਹਮੇਸ਼ਾਂ ਮਜ਼ੇਦਾਰ ਹੋ ਸਕਦੀ ਹੈ। ਸੈਰ-ਸਪਾਟਾ ਅਤੇ ਖੇਡਣ ਦਾ ਸਮਾਂ ਬਹੁਤ ਵਧੀਆ ਗਤੀਵਿਧੀਆਂ ਹਨ ਜਿਸ ਵਿੱਚ ਤੁਸੀਂ ਆਪਣੇ ਬੱਚੇ ਨਾਲ ਜੁੜ ਸਕਦੇ ਹੋ ਅਤੇ ਗੱਲ ਕਰ ਸਕਦੇ ਹੋ। ਮਜ਼ੇਦਾਰ ਗਤੀਵਿਧੀਆਂ ਬੱਚਿਆਂ ਨੂੰ ਨਵੀਂ ਸ਼ਬਦਾਵਲੀ ਅਤੇ ਗੱਲਾਂ ਕਹਿਣ ਦੇ ਨਵੇਂ ਤਰੀਕੇ ਸਿਖਾਉਣ ਦਾ ਸਭ ਤੋਂ ਵਧੀਆ ਮੌਕਾ ਹਨ।

# ਆਪਣੇ ਬੱਚੇ ਨੂੰ ਬੋਲਣ ਅਤੇ ਸੁਣਨ ਵਿੱਚ ਮੱਦਦ ਕਰਨਾ

## ਆਪਣੇ ਬੱਚੇ ਨਾਲ ਗੱਲ ਕਰਨਾ

ਤੁਹਾਡੇ ਬੱਚੇ ਨਾਲ ਨਿਯਮਿਤ ਤੌਰ 'ਤੇ ਗੱਲ ਕਰਨ ਅਤੇ ਬੋਲਣ-ਚੱਲਣ ਨਾਲ ਉਹਨਾਂ ਦੀ ਭਾਸ਼ਾ ਅਤੇ ਸੁਣਨ ਦੇ ਹੁਨਰ ਦਾ ਵਿਸਤਾਰ ਹੁੰਦਾ ਹੈ ਅਤੇ ਇਹ ਨਾਲ ਭਾਸ਼ਾ ਪ੍ਰਤੀ ਉਹਨਾਂ ਦੇ ਆਤਮ-ਵਿਸ਼ਵਾਸ ਨੂੰ ਵਧਾਉਣ ਵਿੱਚ ਵੀ ਮੱਦਦ ਮਿਲਦੀ ਹੈ। ਤੁਸੀਂ ਉਹਨਾਂ ਦੀ ਭਾਸ਼ਾ ਦਾ ਇੱਕੋ-ਇੱਕ ਸਰੋਤ ਹੋ ਸਕਦੇ ਹੋ ਇਸ ਲਈ ਤੁਸੀਂ ਜਿੰਨਾ ਜ਼ਿਆਦਾ ਉਹਨਾਂ ਨਾਲ ਬੋਲੋਗੇ ਅਤੇ ਉਹਨਾਂ ਨਾਲ ਜੁੜੋਗੇ, ਉਹ ਓਨੀ ਹੀ ਤੇਜ਼ੀ ਨਾਲ ਨਵੀਂ ਸ਼ਬਦਾਵਲੀ ਸਿੱਖਣਗੇ ਅਤੇ ਵਧੇਰੇ ਰਵਾਨਗੀ ਨਾਲ ਬੋਲਣਗੇ।

ਰੋਜ਼ਾਨਾ ਦੀਆਂ ਗਤੀਵਿਧੀਆਂ ਜਿਵੇਂ ਕਿ ਕਰਿਆਨੇ ਦੀ ਖ਼ਰੀਦਦਾਰੀ, ਬਾਗਬਾਨੀ, ਖਾਣਾ ਬਣਾਉਣਾ, ਡਾਕ ਬਾਕਸ ਤੋਂ ਡਾਕ ਕੱਢਣੀ, ਘਰ ਦਾ ਕੰਮ-ਕਾਰ ਕਰਨਾ, ਅਤੇ ਕਾਰ ਜਾਂ ਬੱਸ ਵਿੱਚ ਸਫ਼ਰ ਕਰਨਾ ਆਦਿ ਬਾਰੇ ਚਰਚਾ ਕਰਦੇ ਸਮੇਂ ਆਪਣੇ ਬੱਚੇ ਨੂੰ ਸ਼ਾਮਲ ਕਰੋ।

ਸੈਰ-ਸਪਾਟੇ ਨਵੀਂ ਸ਼ਬਦਾਵਲੀ ਦੀ ਦੁਨੀਆ ਵੀ ਪ੍ਰਦਾਨ ਕਰ ਸਕਦੇ ਹਨ। ਸੈਰ-ਸਪਾਟੇ ਦੌਰਾਨ ਕੀਤੀ ਚਰਚਾ ਤੁਹਾਡੇ ਬੱਚੇ ਦੀ ਸੰਸਾਰ ਬਾਰੇ ਸਮਝ ਨੂੰ ਵਧਾ ਸਕਦੀ ਹੈ। ਸੈਰ-ਸਪਾਟੇ ਲਈ ਬਾਹਰ ਜਾਣ ਵਿੱਚ ਸਥਾਨਕ ਕਿਸਾਨ ਬਾਜ਼ਾਰ, ਪਾਰਕ, ਚਿੜੀਆਘਰ, ਸ਼ਾਪਿੰਗ ਸੈਂਟਰ, ਅਜਾਇਬ ਘਰ, ਲਾਇਬ੍ਰੇਰੀਆਂ ਅਤੇ ਆਰਟ ਗੈਲਰੀਆਂ ਵਿੱਚ ਜਾਣਾ ਸ਼ਾਮਲ ਹੋ ਸਕਦਾ ਹੈ।

**ਹੋਰ ਮਜ਼ੇਦਾਰ ਗਤੀਵਿਧੀਆਂ ਵਿੱਚ ਇਨ੍ਹਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ:**

- ਤੁਕਾਂ, ਕਵਿਤਾਵਾਂ ਅਤੇ ਗੀਤ ਸਾਂਝੇ ਕਰਨਾ। ਆਪਣੇ ਬੱਚੇ ਨੂੰ ਸ਼ਾਮਲ ਹੋਣ ਲਈ ਉਤਸ਼ਾਹਿਤ ਕਰੋ।
- ਪਰਿਵਾਰਕ ਇਤਿਹਾਸ ਅਤੇ ਪਰਿਵਾਰਕ ਫ਼ੋਟੋਆਂ ਨੂੰ ਸਾਂਝਾ ਕਰਨਾ ਅਤੇ ਉਨ੍ਹਾਂ ਬਾਰੇ ਗੱਲ ਕਰਨਾ।
- ਕਈ ਕਿਸਮ ਦੀਆਂ ਤਸਵੀਰਾਂ ਵਾਲੀਆਂ ਕਿਤਾਬਾਂ ਨੂੰ ਦੇਖੋ, ਉਦਾਹਰਨ ਲਈ, ਕਰਾਫਟ ਵਾਲੀਆਂ ਕਿਤਾਬਾਂ, DIY ਕਿਤਾਬਾਂ, ਸਜਾਵਟੀ ਕੌਫੀ ਟੇਬਲ ਕਿਤਾਬਾਂ ਅਤੇ ਵਿਗਿਆਪਨ ਕੈਟਾਲਾਗ। ਆਪਣੇ ਬੱਚੇ ਨੂੰ ਇਹ ਦੱਸਣ ਲਈ ਕਹੋ ਕਿ ਤਸਵੀਰਾਂ ਵਿੱਚ ਕੀ ਹੋ ਰਿਹਾ ਹੈ ਅਤੇ ਇਕੱਠੇ ਕਹਾਣੀਆਂ ਬਣਾਓ।
- ਤੁਹਾਡੇ ਬੱਚੇ ਦੇ ਨਾਲ ਕੁੱਝ ਬਣਾਉਣ ਲਈ ਗੱਤੇ ਅਤੇ ਹੋਰ ਘਰੇਲੂ ਚੀਜ਼ਾਂ ਨੂੰ ਇਕੱਠਾ ਕਰਨਾ। ਆਪਣੇ ਬੱਚੇ ਨੂੰ ਇਹ ਦੱਸਣ ਲਈ ਕਹੋ ਕਿ ਉਹ ਕੀ ਬਣਾ ਰਿਹਾ ਹੈ।
- ਬੱਚਿਆਂ ਲਈ ਤਿਆਰ ਕੀਤੇ ਸਧਾਰਨ ਰੇਡੀਓ ਪ੍ਰੋਗਰਾਮਾਂ ਜਾਂ ਪੌਡਕਾਸਟਾਂ ਨੂੰ ਇਕੱਠੇ ਸੁਣਨਾ ਅਤੇ ਸਮੱਗਰੀ 'ਤੇ ਚਰਚਾ ਕਰਨਾ।
- ਸਥਾਨਕ ਅਤੇ ਦੁਨੀਆ ਭਰ ਦੇ ਵੱਖ-ਵੱਖ ਚਿੜੀਆਘਰਾਂ, ਐਕੁਏਰੀਅਮਾਂ (ਮੱਛਲੀ ਘਰਾਂ), ਕਿਲ੍ਹਿਆਂ, ਗੈਲਰੀਆਂ ਅਤੇ ਅਜਾਇਬ ਘਰਾਂ ਦੇ ਵਰਚੁਅਲ ਟੂਰ ਲੈਣਾ।
- ਆਪਣੇ ਬੱਚੇ ਨਾਲ ਸ਼ਬਦਾਵਲੀ ਵਾਲੀਆਂ ਖੇਡਾਂ ਖੇਡਣਾ ਜਿਵੇਂ ਕਿ, "ਇਸਦਾ ਉਲਟ ਕੀ ਹੈ...?" (ਉਦਾਹਰਨ ਲਈ, "ਵੱਡੇ ਦਾ ਉਲਟ ਕੀ ਹੈ?"), "ਇਸ ਲਈ ਇੱਕ ਹੋਰ ਸ਼ਬਦ ਕੀ ਹੈ...?" (ਉਦਾਹਰਨ ਲਈ, "ਗੁੱਸੇ ਲਈ ਕੋਈ ਹੋਰ ਸ਼ਬਦ ਕੀ ਹੈ?") ਅਤੇ "ਕਿਹੜਾ ਸ਼ਬਦ ਦੂਜਿਆਂ ਤੋਂ ਵੱਖਰਾ ਲੱਗਦਾ ਹੈ: ਸੋਟੀ, ਟੋਪੀ, ਜਾਂ ਦਰਵਾਜ਼ਾ?"।

## ਮੂੰਹ-ਜ਼ੁਬਾਨੀ ਕਹਾਣੀ ਸੁਣਾਉਣਾ

ਕਹਾਣੀ ਸੁਣਾਉਣਾ ਤੁਹਾਡੇ ਬੱਚੇ ਦੇ ਬੋਲਣ ਅਤੇ ਸੁਣਨ ਦੇ ਹੁਨਰ ਨੂੰ ਵਧਾਉਣ, ਅਤੇ ਉਹਨਾਂ ਦੀ ਯਾਦਦਾਸ਼ਤ ਅਤੇ ਕਲਪਨਾ ਨੂੰ ਵਧਾਉਣ ਦਾ ਇੱਕ ਬਹੁਤ ਵਧੀਆ ਤਰੀਕਾ ਹੈ। ਜਾਂ ਤਾਂ ਤੁਸੀਂ ਕਹਾਣੀ ਸੁਣਾ ਸਕਦੇ ਹੋ, ਜਾਂ ਤੁਸੀਂ ਆਪਣੇ ਬੱਚੇ ਨੂੰ ਕਹਾਣੀ ਸੁਣਾਉਣ ਲਈ ਉਤਸ਼ਾਹਿਤ ਕਰ ਸਕਦੇ ਹੋ।

**ਕਹਾਣੀ ਇਨ੍ਹਾਂ ਚੀਜ਼ਾਂ ਬਾਰੇ ਹੋ ਸਕਦੀ ਹੈ:**

- ਤੁਹਾਡੇ ਬੱਚੇ ਦਾ ਮਨਪਸੰਦ ਖਿਡੌਣਾ
- ਪਰਿਵਾਰ ਦਾ ਕੋਈ ਹੋਰ ਮੈਂਬਰ
- ਕੋਈ ਪਾਲਤੂ ਜਾਨਵਰ
- ਕਿਸੇ ਕਿਤਾਬ ਜਾਂ ਟੈਲੀਵਿਜ਼ਨ ਪ੍ਰੋਗਰਾਮ ਦਾ ਮਨਪਸੰਦ ਕਾਲਪਨਿਕ ਪਾਤਰ
- ਕੋਈ ਮਸ਼ਹੂਰ ਵਿਅਕਤੀ
- ਵੱਖ-ਵੱਖ ਪੇਸ਼ਿਆਂ ਵਿੱਚ ਕੰਮ ਕਰ ਰਹੇ ਲੋਕਾਂ ਦੇ ਕੰਮ ਬਾਰੇ, ਜਿਵੇਂ ਕਿ ਪੁਲਾੜ ਯਾਤਰੀ, ਅੱਗ ਬੁਝਾਉਣ ਵਾਲੇ, ਨਰਸਾਂ ਅਤੇ ਅਧਿਆਪਕ
- ਕਾਲਪਨਿਕ ਦੁਨੀਆਂ ਦੇ ਕਾਲਪਨਿਕ ਪਾਤਰ
- ਕੋਈ ਕਾਲਪਨਿਕ ਜਾਨਵਰ ਜੋ ਬੋਲ ਸਕਦਾ ਹੈ।

**ਤੁਹਾਨੂੰ ਕਹਾਣੀ ਸੁਨਾਉਣੀ ਸ਼ੁਰੂ ਕਰਨ ਦੇ ਕੁੱਝ ਸੁਝਾਅ ਇੱਥੇ ਦਿੱਤੇ ਗਏ ਹਨ:**

- ਵੱਖੋ-ਵੱਖਰੀਆਂ ਆਵਾਜ਼ਾਂ ਕੱਢਕੇ, ਕਠਪੁਤਲੀਆਂ, ਜਾਂ ਉਂਗਲਾਂ ਨਾਲ ਖੇਡ ਕੇ ਇਸ ਨੂੰ ਰੋਮਾਂਚਕ ਬਣਾਓ।
- ਆਪਣੇ ਬੱਚੇ ਲਈ ਕਹਾਣੀ ਸੁਣਾਉਣ ਅਤੇ ਕਲਪਨਾਤਮਕ ਖੇਡ ਦੌਰਾਨ ਵਰਤਣ ਲਈ ਕੱਪੜਿਆਂ ਦਾ (ਡਰੈੱਸ-ਅੱਪ) ਬਾਕਸ ਰੱਖੋ।
- ਤੁਹਾਡੇ ਬੱਚੇ ਦੀ ਦਿਲਚਸਪੀ ਵਾਲੀਆਂ ਚੀਜ਼ਾਂ ਨਾਲ ਸ਼ੁਰੂ ਕਰੋ।
- ਕੋਈ ਚਰਿੱਤਰ ਅਤੇ ਕਲਪਨਾ ਬਣਾ ਕੇ ਸ਼ੁਰੂ ਕਰੋ।

# ਆਪਣੇ ਬੱਚੇ ਨੂੰ ਪੜ੍ਹਨ ਵਿੱਚ ਮੱਦਦ ਕਰਨਾ

## ਇਕੱਠੇ ਪੜ੍ਹਨਾ

ਜਨਮ ਤੋਂ ਬਾਅਦ ਪਹਿਲੇ ਕੁੱਝ ਮਹੀਨਿਆਂ ਵਿੱਚ ਬੱਚੇ ਲਈ ਪੜ੍ਹਨਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਭਾਵੇਂ ਇੱਕ ਬਾਲਗ ਹੋਣ ਦੇ ਨਾਤੇ ਤੁਸੀਂ ਅਕਸਰ ਨਹੀਂ ਪੜ੍ਹਦੇ ਹੋ, ਜਾਂ ਪੜ੍ਹਨ ਨੂੰ ਵਿਸ਼ੇਸ਼ ਤੌਰ 'ਤੇ ਪਸੰਦ ਨਹੀਂ ਕਰਦੇ ਹੋ, ਇਹ ਮਹੱਤਵਪੂਰਨ ਹੈ ਕਿ ਤੁਸੀਂ ਇਹ ਕੀਮਤੀ ਸਮਾਂ ਆਪਣੇ ਬੱਚੇ ਦੇ ਨਾਲ ਉਹਨਾਂ ਦੀ ਭਾਸ਼ਾ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ, ਅਤੇ ਉਹਨਾਂ ਦੇ ਪੜ੍ਹਨ ਲਈ ਪਿਆਰ ਨੂੰ ਉਤਸ਼ਾਹਿਤ ਕਰਨ ਲਈ ਬਿਤਾਓ। ਇਕੱਠੇ ਪੜ੍ਹਨਾ ਇੱਕ ਬਹੁਮੁੱਲੀ ਚੀਜ਼ ਹੈ। ਪੜ੍ਹਨਾ ਤੁਹਾਡੇ ਬੱਚੇ ਦੀ ਸ਼ਬਦਾਵਲੀ ਨੂੰ ਵਧਾਉਂਦਾ ਹੈ, ਤੁਹਾਡੇ ਬੱਚੇ ਦੀ ਸੰਸਾਰ ਦੀ ਸਮਝ ਨੂੰ ਵਧਾਉਂਦਾ ਹੈ, ਅਤੇ ਭਾਸ਼ਾ ਦੀ ਵਰਤੋਂ ਕਰਦੇ ਸਮੇਂ ਉਹਨਾਂ ਨੂੰ ਆਤਮਵਿਸ਼ਵਾਸ ਦਿੰਦਾ ਹੈ। ਪੜ੍ਹਨਾ ਵੀ ਬੋਲੇ ਗਏ ਸ਼ਬਦਾਂ ਅਤੇ ਲਿਖਤ ਸ਼ਬਦਾਂ ਵਿਚਕਾਰ ਕੜੀ ਬਣਾਉਣ ਦਾ ਇੱਕ ਮਹੱਤਵਪੂਰਨ ਤਰੀਕਾ ਹੈ।

**ਇੱਥੇ ਕੁੱਝ ਆਮ ਸੁਝਾਅ ਦਿੱਤੇ ਗਏ ਹਨ:**

- ਇਕੱਠੇ ਮਿਲਕੇ ਕਿਤਾਬਾਂ ਚੁਣਨ ਅਤੇ ਪੜ੍ਹਨ ਲਈ, ਅਤੇ ਕਹਾਣੀ ਸੁਨਾਉਣ ਦੇ ਸਮੇਂ ਦੇ ਸੈਸ਼ਨਾਂ ਵਿੱਚ ਸ਼ਾਮਲ ਹੋਣ ਲਈ ਆਪਣੀ ਸਥਾਨਕ ਲਾਇਬ੍ਰੇਰੀ ਵਿੱਚ ਜਾਓ। ਲਾਇਬ੍ਰੇਰੀ ਦੇ ਕਹਾਣੀ ਟਾਈਮ ਸੈਸ਼ਨ ਇੱਕ ਬਹੁਤ ਹੀ ਵਧੀਆ ਤਰੀਕਾ ਹੈ ਜਿਸ ਨਾਲ ਤੁਸੀਂ ਆਪਣੇ ਬੱਚੇ ਨਾਲ ਗਰੁੱਪ ਵਿੱਚ ਬੈਠਕੇ ਪੜ੍ਹਨ ਦੀ ਖੁਸ਼ੀ ਨੂੰ ਸਾਂਝਾ ਕਰ ਸਕਦੇ ਹੋ।
- ਆਪਣੇ ਬੱਚੇ ਨੂੰ ਉਹਨਾਂ ਦੀਆਂ ਰੁਚੀਆਂ ਅਨੁਸਾਰ ਕਿਤਾਬਾਂ, ਮੈਗਜ਼ੀਨਾਂ, ਕੈਟਾਲਾਗ ਜਾਂ ਮਲਟੀਮੀਡੀਆ ਕਹਾਣੀਆਂ ਦੀ ਚੋਣ ਕਰਨ ਲਈ ਉਤਸ਼ਾਹਿਤ ਕਰੋ।
- ਹਰ ਰੋਜ਼ ਪੜ੍ਹਨ ਲਈ ਕੁੱਝ ਸਮਾਂ ਨਿਸ਼ਚਿਤ ਕਰੋ। ਸੌਣ ਤੋਂ ਪਹਿਲਾਂ ਪੜ੍ਹਨਾ ਇੱਕ ਚੰਗੀ ਆਦਤ ਪਾਉਣਾ ਹੈ।
- ਕੁੱਝ ਇਸ ਤਰ੍ਹਾਂ ਦੇ ਤਰੀਕੇ ਨਾਲ ਬੈਠੋ ਤਾਂ ਜੋ ਤੁਹਾਡਾ ਬੱਚਾ ਸ਼ਬਦਾਂ ਅਤੇ ਤਸਵੀਰਾਂ ਨੂੰ ਦੇਖ ਸਕੇ।
- ਤੁਹਾਡੇ ਬੱਚੇ ਦੀ ਸ਼ਬਦਾਂ ਅਤੇ ਆਵਾਜ਼ਾਂ ਨੂੰ ਪਛਾਣਨ ਅਤੇ ਯਾਦ ਰੱਖਣ ਵਿੱਚ ਮੱਦਦ ਕਰਨ ਲਈ ਹਰ ਇੱਕ ਸ਼ਬਦ ਨਾਲ ਆਪਣੀ ਉਂਗਲ ਨੂੰ ਪੰਨੇ 'ਤੇ ਰੱਖ ਕੇ ਪੜ੍ਹਾਓ।
- ਅਜਿਹੀਆਂ ਤਸਵੀਰਾਂ ਵਾਲੀਆਂ ਕਿਤਾਬਾਂ ਸਾਂਝੀਆਂ ਕਰੋ ਜੋ ਸ਼ਬਦ ਰਹਿਤ ਹੋਣ ਅਤੇ ਤਸਵੀਰਾਂ ਵਿਚਲੀਆਂ ਚੀਜ਼ਾਂ ਦਾ ਨਾਮਕਰਨ ਅਤੇ ਵਰਣਨ ਕਰਕੇ ਕਲਪਨਾ, ਵਿਚਾਰ ਅਤੇ ਸ਼ਬਦਾਵਲੀ ਵਿਕਸਿਤ ਕਰੋ।
- ਕਿਤਾਬਾਂ ਵਿੱਚ ਤੁਕਾਂਤ, ਤਾਲ ਜਾਂ ਦੁਹਰਾਉਣ ਵਾਲੀਆਂ ਚੀਜ਼ਾਂ ਦੀ ਭਾਲ ਕਰੋ। ਇਹ ਤੁਹਾਡੇ ਬੱਚੇ ਦਾ ਭਾਸ਼ਾ ਪ੍ਰਤੀ ਪਿਆਰ ਵਿਕਸਿਤ ਕਰਨ ਵਿੱਚ ਮੱਦਦ ਕਰੇਗਾ।
- ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾਉਂਦੇ ਸਮੇਂ, ਕਹਾਣੀਆਂ ਨੂੰ ਹਾਵ-ਭਾਵ ਨਾਲ ਪੜ੍ਹੋ, ਜਾਂ ਪਾਤਰਾਂ ਦੀਆਂ ਆਵਾਜ਼ਾਂ 'ਕੱਢਣ ਦੀ ਕੋਸ਼ਿਸ਼ ਕਰੋ। ਇਹ ਪੜ੍ਹਨ ਨੂੰ ਮਜ਼ੇਦਾਰ ਬਣਾਉਣ ਵਿੱਚ ਮੱਦਦ ਕਰੇਗਾ।
- ਕਿਤਾਬ ਬਾਰੇ ਮਹੱਤਵਪੂਰਨ ਵਿਸ਼ੇਸ਼ਤਾਵਾਂ ਵੱਲ ਇਸ਼ਾਰਾ ਕਰੋ - ਉਦਾਹਰਨ ਲਈ, ਸ਼ਬਦ ਅਤੇ ਤਸਵੀਰਾਂ, ਮੂਹਰਲੀ ਜਿਲਦ, ਕਿਤਾਬ ਦੀ ਬਾਈਂਡਿੰਗ, ਵਿਸ਼ਾ-ਸੂਚੀ ਪੰਨਾ, ਜਾਂ ਸਿਰਲੇਖ।



- ਅਣਜਾਣ ਸ਼ਬਦਾਂ ਦੇ ਅਰਥਾਂ ਬਾਰੇ ਚਰਚਾ ਕਰੋ ਜੋ ਬੱਚੇ ਸੁਣਦੇ ਅਤੇ ਪੜ੍ਹਦੇ ਹਨ। ਸ਼ਬਦਕੋਸ਼ ਦੀ ਵਰਤੋਂ ਕਰਕੇ ਸ਼ਬਦਾਂ ਨੂੰ ਲੱਭੋ। ਚਰਚਾ ਕਰੋ ਅਤੇ ਤੁਹਾਡੇ ਦੁਆਰਾ ਲੱਭੇ ਗਏ ਦਿਲਚਸਪ ਸ਼ਬਦਾਂ ਬਾਰੇ ਸਵਾਲ ਪੁੱਛੋ, ਉਦਾਹਰਨ ਲਈ, "ਇਹ ਇੱਥੇ ਕਹਿੰਦਾ ਹੈ ਕਿ ਉਹ ਪਹਾੜੀ ਤੋਂ ਹੇਠਾਂ 'ਡਿੱਗ' ਗਈ। ਤੁਸੀਂ ਕੀ ਸੋਚਦੇ ਹੋ ਕਿ ਉਹ ਪਹਾੜੀ ਤੋਂ ਹੇਠਾਂ ਕਿਵੇਂ ਡਿੱਗ ਗਈ ?" ਇੱਥੇ ਲਿਖਿਆ ਹੈ, "ਉਸਨੇ ਇੱਕ 'ਚੰਗੀ' ਕਿਤਾਬ ਪੜ੍ਹੀ। ਅਸੀਂ ਚੰਗੇ ਤੋਂ ਇਲਾਵਾ ਹੋਰ ਕਿਹੜਾ ਸ਼ਬਦ ਵਰਤ ਸਕਦੇ ਹਾਂ?"
- ਜੇਕਰ ਤੁਹਾਡੇ ਬੱਚੇ ਨੂੰ ਆਤਮਵਿਸ਼ਵਾਸ ਮਹਿਸੂਸ ਹੋ ਰਿਹਾ ਹੈ ਤਾਂ ਉਸ ਨੂੰ ਕੁੱਝ ਕੁ ਜਾਂ ਸਾਰਾ ਹਿੱਸਾ ਪੜ੍ਹਨ ਲਈ ਉਤਸ਼ਾਹਿਤ ਕਰੋ।
- ਜੇਕਰ ਤੁਹਾਡੇ ਬੱਚੇ ਨੂੰ ਉਸ ਦੇ ਪੜ੍ਹਨ 'ਤੇ ਭਰੋਸਾ ਹੈ, ਤਾਂ ਉਸ ਨੂੰ ਬਿਨ੍ਹਾਂ ਰੋਕ-ਟੋਕ ਦੇ ਪੜ੍ਹਨ ਦਿਓ। ਬਿਨ੍ਹਾਂ ਅਟਕੇ ਪੜ੍ਹਨ ਦੀ ਰਵਾਨਗੀ ਆਤਮ-ਵਿਸ਼ਵਾਸ ਨਾਲ ਪ੍ਰਾਪਤ ਹੁੰਦੀ ਹੈ। ਗਲਤੀਆਂ ਬਾਰੇ ਚਰਚਾ ਕਿਤਾਬ ਦਾ ਇੱਕ ਹਿੱਸਾ ਪੜ੍ਹਨ ਤੋਂ ਬਾਅਦ, ਜਾਂ ਫਿਰ ਅਗਲੇ ਕੁੱਝ ਹਿੱਸੇ ਪੜ੍ਹ ਲੈਣ ਤੋਂ ਬਾਅਦ ਕੀਤੀ ਜਾ ਸਕਦੀ ਹੈ।
- ਪਣੇ ਬੱਚੇ ਨੂੰ ਉਸਦੀ ਆਪਣੀ ਰਫ਼ਤਾਰ ਨਾਲ ਪੜ੍ਹਨ ਦਿਓ। ਜਦੋਂ ਤੁਸੀਂ ਉਹਨਾਂ ਨੂੰ ਪੜ੍ਹਕੇ ਸੁਣਾ ਰਹੇ ਹੋਵੋ ਤਾਂ ਚੰਗੀ ਰਫ਼ਤਾਰ ਨਾਲ ਪੜ੍ਹਕੇ ਉਦਾਹਰਨ ਪੇਸ਼ ਕਰੋ।
- ਆਪਣੇ ਬੱਚੇ ਨੂੰ ਕਿਤਾਬਾਂ ਦੁਬਾਰਾ ਪੜ੍ਹਨ ਦਾ ਮੌਕਾ ਦਿਓ।
- ਆਪਣੇ ਬੱਚੇ ਨਾਲ ਪਰਿਵਾਰ ਵਿੱਚ ਬੋਲੀਆਂ ਜਾਂਦੀਆਂ ਭਾਸ਼ਾਵਾਂ ਵਿੱਚ ਪੜ੍ਹੋ ਅਤੇ ਗੱਲ ਕਰੋ ਅਤੇ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਹੋਰ ਲੋਕਾਂ ਨੂੰ ਆਪਣੇ ਬੱਚੇ ਨਾਲ ਇਹਨਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰੋ।
- ਆਪਣੇ ਬੱਚੇ ਨੂੰ ਤੁਹਾਨੂੰ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਖੁਸ਼ੀ ਲਈ ਕੁੱਝ ਪੜ੍ਹਦੇ ਹੋਇਆ ਦੇਖਣ ਦਿਓ। ਮੁੰਡਿਆਂ ਲਈ ਇਹ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ ਕਿ ਉਹ ਉਨ੍ਹਾਂ ਆਦਮੀਆਂ ਨੂੰ ਪੜ੍ਹਦਾ ਹੋਇਆ ਦੇਖਣ ਜਿਨ੍ਹਾਂ ਨੂੰ ਉਹ ਪਸੰਦ ਕਰਦੇ ਹਨ।
- ਆਪਣੇ ਬੱਚੇ ਨੂੰ ਵਿਕਟੋਰੀਅਨ ਪ੍ਰੀਮੀਅਰਜ਼ ਰੀਡਿੰਗ ਚੈਲੇਂਜ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰੋ, ਜੋ ਹਰ ਸਾਲ ਮਾਰਚ ਤੋਂ ਸਤੰਬਰ ਤੱਕ ਚੱਲਦਾ ਹੈ। ਹਿੱਸਾ ਲੈਣ ਵਾਲੀਆਂ ਸ਼ੁਰੂਆਤੀ ਬਚਪਨ ਦੀਆਂ ਸਿੱਖਿਆ ਸੇਵਾਵਾਂ ਅਤੇ ਸਕੂਲ ਇਸ ਲਈ ਤੁਹਾਡੇ ਬੱਚੇ ਨੂੰ ਰਜਿਸਟਰ ਕਰਨਗੇ - ਨਹੀਂ ਤਾਂ ਤੁਸੀਂ ਆਪਣੇ ਬੱਚੇ ਨੂੰ ਆਪ ਇੱਥੇ ਰਜਿਸਟਰ ਕਰ ਸਕਦੇ ਹੋ: https://www.vic.gov.au/premiers-reading-challenge?Redirect=1#for-students-parents-and-early-childhood-services

## ਔਖੇ ਸ਼ਬਦਾਂ ਨੂੰ ਸਮਝਣ ਵਿੱਚ ਤੁਹਾਡੇ ਬੱਚੇ ਦੀ ਮੱਦਦ ਕਰਨਾ

ਜਦੋਂ ਤੁਹਾਡਾ ਬੱਚਾ ਤੁਹਾਨੂੰ ਪੜ੍ਹਕੇ ਸੁਨਾਉਣਾ ਸ਼ੁਰੂ ਕਰਦਾ ਹੈ, ਤਾਂ ਉਸਨੂੰ ਅਕਸਰ ਲੰਬੇ ਜਾਂ ਔਖੇ ਸ਼ਬਦਾਂ ਵਿੱਚ ਮੁਸ਼ਕਲ ਆਉਂਦੀ ਹੈ। ਨਿਮਨਲਿਖਤ ਰਣਨੀਤੀਆਂ ਉਹਨਾਂ ਨੂੰ ਸਵੈ-ਸੁਧਾਰ ਕਰਨ ਦੇ ਹੁਨਰਾਂ ਨੂੰ ਵਿਕਸਤ ਕਰਨ ਅਤੇ ਲਿਖਤ ਸ਼ਬਦਾਂ ਬਾਰੇ ਉਹਨਾਂ ਦੀ ਸਮਝ ਵਿੱਚ ਸਹਾਇਤਾ ਕਰਨ ਵਿੱਚ ਮੱਦਦ ਕਰਨਗੀਆਂ।

ਆਪਣੇ ਬੱਚੇ ਨੂੰ ਔਖੇ ਸ਼ਬਦਾਂ ਨੂੰ ਖੁਦ ਸਮਝਣ ਅਤੇ ਬੋਲਣ ਲਈ ਸਮਾਂ ਦੇਣਾ ਮਹੱਤਵਪੂਰਨ ਹੈ, ਕਿਉਂਕਿ ਜੇਕਰ ਸਮਾਂ ਦਿੱਤਾ ਜਾਵੇ ਤਾਂ ਬੱਚੇ ਅਕਸਰ ਆਪਣੇ-ਆਪ ਨੂੰ ਠੀਕ ਕਰ ਸਕਦੇ ਹਨ। ਉਹ ਸਾਡੇ ਨਾਲੋਂ ਜ਼ਿਆਦਾ ਹੌਲੀ-ਹੌਲੀ ਪੜ੍ਹਦੇ ਹਨ ਅਤੇ ਉਨ੍ਹਾਂ ਨੂੰ ਸਮਝਣ ਲਈ ਸਮਾਂ ਚਾਹੀਦਾ ਹੈ।

ਬੱਚੇ ਨੂੰ ਥੋੜ੍ਹਾ ਜਿਹਾ ਯਤਨ ਕਰਦੇ ਰਹਿਣ ਦਿਓ, ਕੋਈ ਸੰਕੇਤ ਦੇ ਕੇ ਹਿੰਟ ਦਿਓ ਜਿਵੇਂ ਕਿ “ਉਸ ਸ਼ਬਦ ਵਿੱਚ ਪਹਿਲੀ ਆਵਾਜ਼/ਸਵਰ ਕੀ ਹੈ?”

**ਮੱਦਦ ਦੇਣ ਲਈ ਸੰਕੇਤਾਂ ਵਾਲੇ ਪ੍ਰਸ਼ਨਾਂ ਵਿੱਚ ਸ਼ਾਮਲ ਹੋ ਸਕਦੇ ਹਨ:**

- ਆਓ ਇਸ ਸ਼ਬਦ ਨੂੰ ਵੇਖੀਏ। ਇਹ ਸ਼ਬਦ ਕਿਸ ਅੱਖਰ (ਜਾਂ ਅੱਖਰਾਂ) ਨਾਲ ਸ਼ੁਰੂ ਹੁੰਦਾ ਹੈ? ਉਹ ਅੱਖਰ (ਜਾਂ ਸ਼ਬਦ) ਕਿਹੜੀ ਆਵਾਜ਼ ਬਣਾਉਂਦੇ ਹਨ?
- ਉਸ ਸ਼ਬਦ ਦੇ ਵਿਚਕਾਰ ਕਿਹੜੇ ਅੱਖਰ ਹਨ? ਇਹ ਅੱਖਰ ਕੀ ਆਵਾਜ਼ ਬਣਾਉਂਦੇ ਹਨ?
- ਉਹ ਸ਼ਬਦ ਕਿਸ ਅੱਖਰ (ਜਾਂ ਅੱਖਰਾਂ) ਨਾਲ ਖ਼ਤਮ ਹੁੰਦਾ ਹੈ? ਉਹ ਅੱਖਰ ਕੀ ਆਵਾਜ਼ ਬਣਾਉਂਦਾ(ਦੇ) ਹਨ?
- ਕੀ ਅਸੀਂ ਉਹਨਾਂ ਆਵਾਜ਼ਾਂ ਨੂੰ ਇੱਕ ਸ਼ਬਦ ਬਣਾਉਣ ਲਈ ਇਕੱਠੇ ਕਰ ਸਕਦੇ ਹਾਂ?
- ਇਸ ਤਸਵੀਰ ਵੱਲ ਦੇਖੋ ਉਸ ਤਸਵੀਰ ਵਿੱਚ ਤੁਸੀਂ ਕਿਹੜੀ ਚੀਜ਼ ਦੇਖ ਸਕਦੇ ਹੋ ਜੋ ਉਸ ਅੱਖਰ ਨਾਲ ਸ਼ੁਰੂ ਹੋ ਸਕਦੀ ਹੈ?
- ਤੁਹਾਡੇ ਖ਼ਿਆਲ ਵਿਚ ਇਸ ਸ਼ਬਦ ਦਾ ਕੀ ਅਰਥ ਹੋ ਸਕਦਾ ਹੈ? ਇਹ ਕਹਿਣ ਦਾ ਹੋਰ ਤਰੀਕਾ ਕੀ ਹੈ?

ਜੇਕਰ ਉਪਰੋਕਤ ਮੱਦਦ ਦੇਣ ਵਾਲੇ ਸੰਕੇਤ ਕੰਮ ਨਹੀਂ ਕਰ ਰਹੇ ਹਨ, ਤਾਂ ਤੁਸੀਂ ਬਸ ਕਹਿ ਸਕਦੇ ਹੋ: “ਇਹ ਸ਼ਬਦ… ਹੈ”।

ਪੜ੍ਹਨਾ ਸਿੱਖਣ ਦਾ ਇੱਕ ਮਹੱਤਵਪੂਰਨ ਪਹਿਲੂ ਬੱਚਿਆਂ ਵੱਲੋਂ ਵਾਰ-ਵਾਰ ਕੋਸ਼ਿਸ਼ਾਂ ਕਰਨ ਦੀ ਪ੍ਰਸ਼ੰਸਾ ਕਰਨਾ ਹੈ। ਪ੍ਰਸ਼ੰਸਾ ਕਿਸੇ ਗੱਲ ਲਈ ਵਿਸ਼ੇਸ਼ ਹੋ ਸਕਦੀ ਹੈ, ਉਦਾਹਰਨ ਲਈ, “ਉਸ ਵਾਕ ਨੂੰ ਦੁਬਾਰਾ ਪੜ੍ਹਨ ‘ਤੇ ਸਾਬਾਸ਼, ਤੁਸੀਂ ਉਸ ਸ਼ਬਦ ਨੂੰ ਆਪਣੇ-ਆਪ ਸਮਝਿਆ ਹੈ” ਜਾਂ ਆਮ ਪ੍ਰਸ਼ੰਸਾ ਜਿਵੇਂ ਕਿ “ਤੁਸੀਂ ਸੱਚਮੁੱਚ ਬਹੁਤ ਕੋਸ਼ਿਸ਼ ਕਰ ਰਹੇ ਹੋ, ਸਾਬਾਸ਼।”

ਇੱਕ ਹੋਰ ਚੰਗੀ ਰਣਨੀਤੀ ਇਹ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਇਹ ਪੁੱਛੋ ਕਿ ਉਸਨੇ ਇਹ ਸ਼ਬਦ ਕਿਵੇਂ ਪਤਾ ਕੀਤਾ ਹੈ। ਇਹ ਉਹਨਾਂ ਪੜ੍ਹਨ ਦੀਆਂ ਰਣਨੀਤੀਆਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਮੱਦਦ ਕਰਦਾ ਹੈ ਜੋ ਉਹ ਤੁਹਾਡੇ ਅਤੇ ਸਕੂਲ ਤੋਂ ਸਿੱਖਦੇ ਹਨ।

## ਕਿਤਾਬ ਬਾਰੇ ਚਰਚਾ (Book Chat)

ਕਿਤਾਬਾਂ ਵਿਚ ਲਿਖੀ ਸਮੱਗਰੀ ਅਤੇ ਅਰਥਾਂ ਬਾਰੇ ਚਰਚਾ ਕਰਨਾ ਪੜ੍ਹਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਪੜ੍ਹਨ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਕਿਤਾਬ ਬਾਰੇ ਚਰਚਾ ਕਰੋ, ਅਤੇ ਆਪਣੇ ਬੱਚੇ ਨੂੰ ਆਪਣੇ ਵਿਚਾਰ ਸਾਂਝੇ ਕਰਨ ਅਤੇ ਕਿਤਾਬ ਬਾਰੇ ਸਵਾਲ ਪੁੱਛਣ ਲਈ ਉਤਸ਼ਾਹਿਤ ਕਰੋ। ਮਾਰਗਦਰਸ਼ਕ ਸਵਾਲ ਪੁੱਛ ਕੇ ਪਾਠ ਦੇ ਵਿਚਕਾਰ ਲਿੰਕ ਬਣਾਉਣਾ ਬੱਚਿਆਂ ਨੂੰ ਇਸ ਬਾਰੇ ਸੋਚਣ ਲਈ ਉਤਸ਼ਾਹਿਤ ਕਰਦਾ ਹੈ ਕਿ ਉਹ ਕੀ ਪੜ੍ਹ ਰਹੇ ਹਨ।

**ਇੱਥੇ ਕੁੱਝ ਸਵਾਲ ਦਿੱਤੇ ਗਏ ਹਨ ਜੋ ਤੁਸੀਂ ਕਿਤਾਬ ਪੜ੍ਹਨ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਪੁੱਛ ਸਕਦੇ ਹੋ:**

- ਇਸ ਜਿਲਦ ਨੂੰ ਦੇਖੋ। ਤੁਸੀਂ ਕੀ ਸੋਚਦੇ ਹੋ ਕਿ ਇਹ ਕਿਤਾਬ ਕਿਸ ਚੀਜ਼ ਬਾਰੇ ਹੋ ਸਕਦੀ ਹੈ?
- ਕਿਤਾਬ ਜਿਸ ਤਰ੍ਹਾਂ ਰਚੀ/ਲਿਖੀ ਗਈ ਹੈ, ਇਸ ਬਾਰੇ ਤੁਹਾਨੂੰ ਕਿਵੇਂ ਮਹਿਸੂਸ ਹੁੰਦਾ ਹੈ?
- ਤੁਸੀਂ ਇਸ ਕਹਾਣੀ ਦੇ ਸ਼ੁਰੂ ਵਿੱਚ ਆਏ ਪਾਤਰ ਦਾ ਵਰਣਨ ਕਿਵੇਂ ਕਰੋਗੇ?
- ਇਨ੍ਹਾਂ ਤਸਵੀਰਾਂ ਵਿੱਚ ਕੀ ਹੋ ਰਿਹਾ ਹੈ?
- ਤੁਹਾਡੇ ਖ਼ਿਆਲ ਵਿਚ ਅੱਗੇ ਕੀ ਹੋਣ ਵਾਲਾ ਹੈ?
- ਕਿਸੇ ਪਾਤਰ ਨੇ ਅਜਿਹਾ ਕਿਉਂ ਕੀਤਾ ਹੋ ਸਕਦਾ ਹੈ? ਤੁਸੀਂ ਉਸ ਸਥਿਤੀ ਵਿੱਚ ਕੀ ਕਰੋਗੇ?
- ਕਹਾਣੀ ਵਿਚ ਤੁਹਾਡਾ ਪਸੰਦੀਦਾ ਪਾਤਰ ਕੌਣ ਸੀ? ਤੁਹਾਨੂੰ ਉਹ ਕਿਰਦਾਰ ਕਿਉਂ ਪਸੰਦ ਆਇਆ?
- ਇਸ ਕਿਤਾਬ ਦਾ ਤੁਹਾਡਾ ਮਨਪਸੰਦ ਹਿੱਸਾ ਕੀ ਸੀ?
- ਕੀ ਤੁਸੀਂ ਮੈਨੂੰ ਆਪਣੇ ਸ਼ਬਦਾਂ ਵਿੱਚ ਕਹਾਣੀ ਦੁਬਾਰਾ ਸੁਣਾਉਣ ਦੀ ਕੋਸ਼ਿਸ਼ ਕਰ ਸਕਦੇ ਹੋ?

## ਸਕ੍ਰੀਨ ਸਮੇਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ

ਤੁਸੀਂ ਉਹੀ ਸਵਾਲਾਂ ਦੀ ਵਰਤੋਂ ਕਰ ਸਕਦੇ ਹੋ ਜੋ ਤੁਸੀਂ ਆਪਣੇ ਬੱਚੇ ਨੂੰ ਬੁੱਕ ਚੈਟ (ਉੱਪਰ ਦੇਖੋ) ਦੌਰਾਨ ਪੁੱਛ ਸਕਦੇ ਹੋ ਅਤੇ ਟੀਵੀ ਅਤੇ ਹੋਰ ਸਕ੍ਰੀਨ ਪ੍ਰੋਗਰਾਮਾਂ ਅਤੇ ਗੇਮਾਂ ਬਾਰੇ ਚਰਚਾ ਕਰ ਸਕਦੇ ਹੋ ਜੋ ਤੁਸੀਂ ਇਕੱਠੇ ਦੇਖਦੇ ਜਾਂ ਖੇਡਦੇ ਹੋ। ਵਿਜ਼ੂਅਲ ਮੀਡੀਆ ਨੂੰ ਸਮਝਣਾ ਤੁਹਾਡੇ ਬੱਚੇ ਦੀ ਸਾਖਰਤਾ ਦਾ ਇੱਕ ਮੁੱਖ ਤੱਤ ਹੈ।

**ਤੁਹਾਡੇ ਬੱਚੇ ਦਾ ਪੜ੍ਹਨ ਵਿੱਚ ਰੁਝਾਨ ਪੈਦਾ ਕਰਨ ਵਿੱਚ ਮੱਦਦ ਕਰਨ ਲਈ ਇੰਟਰਨੈੱਟ 'ਤੇ ਬਹੁਤ ਸਾਰੀਆਂ ਸ਼ਾਨਦਾਰ ਗੇਮਾਂ ਵੀ ਉਪਲਬਧ ਹਨ। ਇਹਨਾਂ ਗੇਮਾਂ ਵਿੱਚ ਸ਼ਾਮਲ ਹਨ:**

- ਧੁਨੀ (Phonics) ਸੰਬੰਧੀ ਗੇਮਾਂ ਜੋ ਪੜ੍ਹਨ ਅਤੇ ਅੱਖਰ ਆਵਾਜ਼ ਬਾਰੇ ਜਾਗਰੂਕਤਾ ਨੂੰ ਬਿਹਤਰ ਬਣਾਉਂਦੀਆਂ ਹਨ। ਧੁਨੀ ਵਿੱਚ ਸ਼ਬਦ ਦੀ ਇਕੱਲੀ-ਇੱਕਲੀ ਆਵਾਜ਼ ਨੂੰ ਇੱਕ-ਇੱਕ ਧੁਨੀ ਵਿੱਚ ਬੋਲਿਆ ਜਾਂਦਾ ਹੈ, ਅਤੇ ਫਿਰ ਪੂਰਾ ਸ਼ਬਦ ਬਣਾਉਣ ਲਈ ਇਹਨਾਂ ਧੁਨੀਆਂ ਨੂੰ ਇਕੱਠਾ ਕਰਕੇ ਬੋਲਣਾ ਸ਼ਾਮਲ ਹੁੰਦਾ ਹੈ।
- ਵਿਆਕਰਨ, ਵਿਰਾਮ ਚਿੰਨ੍ਹ ਅਤੇ ਅੱਖਰ-ਜੋੜ ਦੀਆਂ (ਸਪੈਲਿੰਗ) ਗੇਮਾਂ।
- ਸ਼ਬਦਾਵਲੀ ਵਾਲੀਆਂ ਖੇਡਾਂ।

**ਖੇਡਾਂ ਅਤੇ ਹੋਰ ਸਰੋਤਾਂ ਲਈ ਤੁਹਾਡੀ ਔਨਲਾਈਨ ਖੋਜ ਸ਼ੁਰੂ ਕਰਨ ਵਿੱਚ ਮੱਦਦ ਕਰਨ ਲਈ ਇੱਥੇ ਚੰਗੀਆਂ ਵੈੱਬਸਾਈਟਾਂ ਦੀ ਇੱਕ ਛੋਟੀ ਜਿਹੀ ਸੂਚੀ ਦਿੱਤੀ ਗਈ ਹੈ:**

- https://fuse.education.vic.gov.au (select Early Childhood or Primary Students tabs)
- http://education.abc.net.au
- http://www.abc.net.au/tv/programs/play-school-story-time
- https://actf.com.au/

Taking Small Bytes (http://fuse.education.vic.gov.au/?ZY2GMP) ਵੀ ਇੱਕ ਬਹੁਤ ਵਧੀਆ ਸਰੋਤ ਹੈ। ਇਸ ਵਿੱਚ ਤੁਹਾਡੇ ਬੱਚੇ ਨਾਲ ਤੁਹਾਡੇ ਕਰਨ ਲਈ ਅਤੇ ਚਰਚਾ ਕਰਨ ਲਈ 100 ਡਿਜ਼ੀਟਲ ਤਕਨਾਲੋਜੀ ਗਤੀਵਿਧੀਆਂ ਉਪਲਬਧ ਹਨ। ਇਸ ਵਿੱਚ ਡਿਜ਼ੀਟਲ ਤਕਨੀਕਾਂ ਨੂੰ ਸਮਝਦਾਰੀ ਅਤੇ ਸੁਰੱਖਿਅਤ ਢੰਗ ਨਾਲ ਵਰਤਣ ਬਾਰੇ ਸੁਝਾਅ ਵੀ ਸ਼ਾਮਲ ਹਨ।

## ਦੁਨੀਆਂ ਨੂੰ ਇਕੱਠੇ ਪੜ੍ਹਨਾ

ਇਹ ਦੁਨੀਆਂ ਅੱਖਰਾਂ ਅਤੇ ਸ਼ਬਦਾਂ ਨਾਲ ਭਰੀ ਹੋਈ ਹੈ ਜੋ ਤੁਸੀਂ ਅਤੇ ਤੁਹਾਡਾ ਬੱਚਾ ਇਕੱਠੇ ਪੜ੍ਹ ਸਕਦੇ ਹੋ।

**ਇਨ੍ਹਾਂ ਗਤੀਵਿਧੀਆਂ ਵਿੱਚ ਹੇਠ ਲਿਖੇ ਸ਼ਾਮਲ ਹੋ ਸਕਦੇ ਹਨ:**

- ਆਪਣੇ ਬੱਚੇ ਦੇ ਸਮਾਨ ਨੂੰ ਕੋਈ ਨਾਮ ਦਿਓ ਅਤੇ ਉਹਨਾਂ ਦੇ ਨਾਮ ਵਿੱਚ ਅੱਖਰ ਅਤੇ ਆਵਾਜ਼ਾਂ ਬਾਰੇ ਗੱਲ ਕਰੋ।
- ਬੱਚਿਆਂ ਨੂੰ ਰੋਜ਼ਮਰਾ ਵਰਤੋਂ ਆਉਂਦੇ ਦੇ ਉਦੇਸ਼ਾਂ ਲਈ ਪੜ੍ਹਨ ਦੀ ਕੀਮਤ ਦਿਖਾਉਣਾ ਮਹੱਤਵਪੂਰਨ ਹੈ। ਜਦੋਂ ਤੁਸੀਂ ਖਾਣੇ ਦੀਆਂ ਵਿਧੀਆ, ਗ੍ਰੀਟਿੰਗ ਕਾਰਡ, ਕੈਲੰਡਰ, ਖ਼ਰੀਦਦਾਰੀ ਦੀਆਂ ਸੂਚੀਆਂ, ਭੋਜਨ ਉੱਤੇ ਲੱਗੇ ਲੇਬਲ, ਹਦਾਇਤਾਂ, ਨਕਸ਼ੇ, ਅਖਬਾਰਾਂ, ਈਮੇਲਾਂ, ਪ੍ਰਦਰਸ਼ਿਤ ਸੰਕੇਤਾਂ, ਮੌਸਮ ਦੀ ਭਵਿੱਖਬਾਣੀ ਅਤੇ ਵੈੱਬਸਾਈਟਾਂ ਪੜ੍ਹਦੇ ਹੋ ਤਾਂ ਆਪਣੇ ਬੱਚੇ ਨੂੰ ਸ਼ਾਮਲ ਕਰੋ। ਉਦਾਹਰਨ ਲਈ, ਤੁਸੀਂ ਖਾਣੇ ਦੀ ਵਿਧੀ ਇਕੱਠੇ ਪੜ੍ਹ ਸਕਦੇ ਹੋ ਅਤੇ ਉਸ ਵਿੱਚ ਦਿੱਤੇ ਕਦਮਾਂ ਦੀ ਵਰਤੋਂ ਕਰਦੇ ਹੋਏ ਆਪਣੇ ਬੱਚੇ ਦਾ ਮਨਪਸੰਦ ਭੋਜਨ ਬਣਾਉ। ਜਾਂ ਤੁਸੀਂ ਆਪਣੇ ਬੱਚੇ ਨੂੰ ਖ਼ਰੀਦਦਾਰੀ ਸੂਚੀ ਵਿੱਚ ਹਰ ਕਰਿਆਨੇ ਦੀ ਆਈਟਮ ਨੂੰ ਪੜ੍ਹਨ, ਔਨਲਾਈਨ ਆਰਡਰ ਕਰਨ, ਜਾਂ ਉਹਨਾਂ ਨੂੰ ਅਨਪੈਕ ਕਰਨ ਲਈ ਕਹਿ ਸਕਦੇ ਹੋ।
- ਵਰਣਮਾਲਾ ਸੂਪ (alphabet soup) ਪਕਾਓ ਅਤੇ ਜਦੋਂ ਤੁਸੀਂ ਉਹਨਾਂ ਨੂੰ ਖਾਂਦੇ ਹੋ ਤਾਂ ਅੱਖਰ ਇਕੱਠੇ ਬੋਲੋ।
- ਸ਼ਬਦ ਲੱਭਣ (Word Hunt) ਦੀ ਖੇਡ ਖੇਡੋ। ਕਾਗਜ਼ ਦੇ ਟੁਕੜਿਆਂ 'ਤੇ ਕੋਈ ਵੀ ਮਰਜ਼ੀ ਦੇ ਸ਼ਬਦ ਲਿਖੋ ਅਤੇ ਉਹਨਾਂ ਨੂੰ ਕਮਰੇ ਵਿੱਚ ਵੱਖ-ਵੱਖ ਥਾਵਾਂ 'ਤੇ ਰੱਖ ਦਿਓ। ਕੋਈ ਇੱਕ ਸ਼ਬਦ ਕਹੋ ਅਤੇ ਆਪਣੇ ਬੱਚੇ ਨੂੰ ਸਹੀ ਸ਼ਬਦ ਲੱਭਣ ਲਈ ਕਹੋ।
- ਘਰ ਵਿੱਚ ਵਸਤੂਆਂ 'ਤੇ ਪੋਸਟ-ਇਟ ਨੋਟਸ (post-it notes) ਲਗਾਓ ਤਾਂ ਜੋ ਤੁਹਾਡਾ ਬੱਚਾ ਹਰ ਰੋਜ਼ ਨਵੇਂ ਸ਼ਬਦ ਪੜ੍ਹ ਅਤੇ ਸਿੱਖ ਸਕੇ।

## ਤੁਹਾਡੇ ਬੱਚੇ ਦੀ ਲਿਖਣ ਵਿੱਚ ਮੱਦਦ ਕਰਨਾ

ਲਿਖਣਾ ਸਿੱਖਣ ਦੀ ਸ਼ੁਰੂਆਤ ਸਕ੍ਰਿਬਲਿੰਗ (ਕਲਮ ਘਸੀਟਣ) ਅਤੇ ਡਰਾਇੰਗ (ਚਿੱਤਰਕਾਰੀ) ਕਰਨ ਨਾਲ ਹੁੰਦੀ ਹੈ। ਇਹ ਇੱਕ ਜ਼ਰੂਰੀ ਪਹਿਲਾ ਕਦਮ ਹੈ ਅਤੇ ਇਸਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਅਗਲਾ ਕਦਮ ਤੁਹਾਡੇ ਬੱਚੇ ਨੂੰ ਅੱਖਰ-ਵਰਗੇ ਆਕਾਰ ਲਿਖਣ ਲਈ ਉਤਸ਼ਾਹਿਤ ਕਰਨਾ ਹੈ, ਜਿਸਤੋਂ ਬਾਅਦ ਅੱਗੇ ਵਧਦੇ ਹੋਏ ਵਰਣਮਾਲਾ (alphabet)- ਦੋਵੇਂ ਵੱਡੇ ਅਤੇ ਛੋਟੇ ਅੱਖਰਾਂ ਵਿੱਚ ਲਿਖਣ ਦਾ ਅਭਿਆਸ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ, ਆਪਣੇ ਬੱਚੇ ਨੂੰ ਛੋਟੇ ਸ਼ਬਦਾਂ ਵਾਲੇ ਵਾਕ ਲਿਖਣ ਲਈ ਉਤਸ਼ਾਹਿਤ ਕਰੋ।

**ਜੇਕਰ ਤੁਹਾਡਾ ਬੱਚਾ ਅਜੇ ਲਿਖ ਨਹੀਂ ਸਕਦਾ, ਤਾਂ ਤੁਸੀਂ ਉਹਨਾਂ ਲਈ ਲਿਖ ਸਕਦੇ ਹੋ। ਇਸਦੀ ਇੱਕ ਰਣਨੀਤੀ ਇਹ ਹੈ:**

- ਆਪਣੇ ਬੱਚੇ ਨੂੰ ਉਸਦੇ ਕਿਸੇ ਅਨੁਭਵ ਜਾਂ ਕਿਸੇ ਅਜਿਹੀ ਚੀਜ਼ ਬਾਰੇ ਗੱਲ ਕਰਨ ਲਈ ਕਹੋ ਜਿਸ ਵਿੱਚ ਉਹਨਾਂ ਦੀ ਦਿਲਚਸਪੀ ਹੋਵੇ।
- ਆਪਣੇ ਬੱਚੇ ਨੂੰ ਪੁੱਛੋ ਕਿ ਉਹ ਗੱਲਬਾਤ ਦਾ ਕਿਹੜਾ ਹਿੱਸਾ ਤੁਹਾਡੇ ਦੁਆਰਾ ਲਿਖਿਆ ਜਾਣਾ ਚਾਹੇਗਾ।
- ਜਿਵੇਂ-ਜਿਵੇਂ ਤੁਹਾਡਾ ਬੱਚਾ ਬੋਲ/ਗੱਲ ਕਰ ਰਿਹਾ ਹੈ, ਉਸ ਦੇ ਵਿਚਾਰ ਲਿਖੋ। ਉਸ ਵਲੋਂ ਬੋਲੀ ਭਾਸ਼ਾ ਦੀ ਵਰਤੋਂ ਕਰੋ।
- ਆਪਣੇ ਬੱਚੇ ਨੂੰ ਕਹੋ ਕਿ ਜੋ ਤੁਸੀਂ ਲਿਖਿਆ ਹੈ ਉਸਦੀ ਵਿਆਖਿਆ ਕਰੇ, ਜਾਂ ਲਿਖਿਆ ਹੋਇਆ ਤੁਹਾਨੂੰ ਪੜ੍ਹਕੇ ਸੁਣਾਉਣ ਲਈ ਕਹੋ।
- ਤੁਹਾਡਾ ਬੱਚਾ ਲਿਖਤ ਨਾਲ ਮੇਲ ਖਾਂਦਾ ਚਿੱਤਰ ਬਣਾਉਣਾ ਜਾਂ ਕੁੱਝ ਬਣਾਉਣਾ ਚਾਹ ਸਕਦਾ ਹੈ।


**ਜਦੋਂ ਤੁਹਾਡੇ ਬੱਚਾ ਆਤਮ-ਵਿਸ਼ਵਾਸੀ ਮਹਿਸੂਸ ਕਰਦਾ ਹੈ ਤਾਂ ਉਸਨੂੰ ਥੋੜ੍ਹਾ ਜਿਹਾ ਜਾਂ ਲਿਖਣ ਦਾ ਸਾਰਾ ਕੰਮ ਸੰਭਾਲਣ ਲਈ ਉਤਸ਼ਾਹਿਤ ਕਰੋ। ਜਦੋਂ ਤੁਹਾਡਾ ਬੱਚਾ ਲਿਖਣਾ ਸ਼ੁਰੂ ਕਰਦਾ ਹੈ, ਤਾਂ ਹੇਠ ਲਿਖੀਆਂ ਗੱਲਾਂ ਕਰਨ ਦੀ ਕੋਸ਼ਿਸ਼ ਕਰੋ:**

- ਆਪਣੇ ਬੱਚੇ ਨੂੰ ਖੋਜਣ ਲਈ ਕੁੱਝ ਵਿਚਾਰ ਦੇਣ ਲਈ ਉਸ ਵਿਸ਼ੇ 'ਤੇ ਚਰਚਾ ਕਰੋ। ਇਸ ਨਾਲ ਲਿਖਣਾ ਸ਼ੁਰੂ ਕਰਨ ਵਿੱਚ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧੇਗਾ।
- ਆਪਣੇ ਬੱਚੇ ਨੂੰ ਹਰ ਉਹ ਸ਼ਬਦਾਵਲੀ ਸਿਖਾਓ ਜਿਸਦੀ ਉਹਨਾਂ ਨੂੰ ਲੋੜ ਹੋ ਸਕਦੀ ਹੈ।
- ਤੁਸੀਂ ਆਪਣੇ ਬੱਚੇ ਨੂੰ ਉਨ੍ਹਾਂ ਦੇ ਵਿਸ਼ੇ ਦੇ ਨਾਲ ਮਿਲਦੇ-ਜੁਲਦੇ ਵਿਸ਼ੇ 'ਤੇ ਲਿਖ ਕੇ ਉਤਸ਼ਾਹਿਤ ਕਰ ਸਕਦੇ ਹੋ। ਫਿਰ ਤੁਸੀਂ ਆਪਣੀ ਲਿਖਤ ਨੂੰ ਇੱਕ ਦੂਜੇ ਨਾਲ ਸਾਂਝਾ ਕਰ ਸਕਦੇ ਹੋ ਅਤੇ ਲਿਖਤ ਦੇ ਅੰਤਰਾਂ ਬਾਰੇ ਚਰਚਾ ਕਰ ਸਕਦੇ ਹੋ।



**ਤੁਹਾਡੇ ਬੱਚੇ ਨੂੰ ਲਿਖਣ ਵੇਲੇ ਮੱਦਦ ਕਰਨ ਲਈ ਇੱਥੇ ਕੁੱਝ ਆਮ ਸੁਝਾਅ ਦਿੱਤੇ ਗਏ ਹਨ:**

- ਆਪਣੇ ਬੱਚੇ ਨੂੰ ਲਾਹੇਵੰਦ ਵਸੀਲੇ, ਜਿਵੇਂ ਕਿ ਪੈਨ, ਪੈਨਸਿਲ, ਚਾਕ, ਵ੍ਹਾਈਟ ਬੋਰਡ, ਕਾਗਜ਼ ਜਾਂ ਨੋਟਬੁੱਕ, ਅਤੇ ਲਿਖਣ ਲਈ ਜਗ੍ਹਾ ਜਿਵੇਂ ਕਿ ਮੇਜ਼, ਟਰੇਅ, ਬੈਂਚ ਜਾਂ ਫਰਸ਼ ਦਿਓ। ਤੁਹਾਡੇ ਬੱਚੇ ਦੀਆਂ ਪੈੱਨ ਅਤੇ ਪੈਨਸਿਲਾਂ ਨੂੰ ਰੱਖਣ ਲਈ ਇੱਕ ਵਿਸ਼ੇਸ਼ 'ਲਿਖਣ ਵਾਲਾ ਡੱਬਾ' ਬਣਾਉਣਾ ਉਹਨਾਂ ਨੂੰ ਲਿਖਣ ਨੂੰ ਇੱਕ ਅਹਿਮ ਗਤੀਵਿਧੀ ਵਜੋਂ ਦੇਖਣ ਵਿੱਚ ਮੱਦਦ ਕਰਦਾ ਹੈ।
- ਲਿਖਣ ਦੇ ਵੱਖ-ਵੱਖ ਤਰੀਕੇ ਅਜ਼ਮਾਕੇ ਦੇਖੋ ਜਿਵੇਂ ਕਿ ਮਿੰਨੀ ਵ੍ਹਾਈਟਬੋਰਡ, ਕੰਕਰੀਟ 'ਤੇ ਚਾਕ, ਕੱਚ 'ਤੇ ਲਿਖਣ ਵਾਲੇ ਪੈਨ, ਰੇਤ ਵਿੱਚ ਡੰਡੇ ਜਾਂ ਪੇਂਟ ਜਾਂ ਸ਼ੇਵਿੰਗ ਕਰੀਮ ਵਿੱਚ ਉਂਗਲਾਂ।
- ਆਪਣੇ ਬੱਚੇ ਦੀ ਲਿਖਤ ਨੂੰ ਉੱਚੀ ਆਵਾਜ਼ ਵਿੱਚ ਪੜ੍ਹਨ ਵਿੱਚ ਉਸਦੀ ਸਹਾਇਤਾ ਕਰੋ।
- ਆਪਣੇ ਬੱਚੇ ਨੂੰ ਕੋਈ ਤਸਵੀਰ, ਡਰਾਇੰਗ ਜਾਂ ਕੋਲਾਜ ਬਣਾਉਣ ਲਈ ਉਤਸ਼ਾਹਿਤ ਕਰੋ ਜੋ ਉਹਨਾਂ ਦੇ ਵਿਚਾਰਾਂ ਨੂੰ ਦੇਖਣ ਯੋਗ ਰੂਪ ਵਿੱਚ ਦਰਸਾਉਂਦਾ ਹੋਵੇ।
- ਆਪਣੇ ਬੱਚੇ ਦੇ ਕੰਮ ਨੂੰ ਹਮੇਸ਼ਾ ਮਾਣ ਨਾਲ ਆਪਣੇ ਘਰ ਵਿੱਚ ਕਿਸੇ ਪ੍ਰਮੁੱਖ ਸਥਾਨ ਉੱਤੇ ਪ੍ਰਦਰਸ਼ਿਤ ਕਰੋ। ਇਸ ਨਾਲ ਉਨ੍ਹਾਂ ਨੂੰ ਆਤਮ-ਵਿਸ਼ਵਾਸ ਮਿਲੇਗਾ ਅਤੇ ਇਹ ਲਿਖਣ ਦੀ ਮਹੱਤਤਾ ਨੂੰ ਦਰਸਾਉਂਦਾ ਹੈ।
- ਲਿਖਣ ਨੂੰ ਉਤਸ਼ਾਹਿਤ ਕਰਨ ਲਈ ਵਰਤਣ ਲਈ 'ਵਿਚਾਰਾਂ ਵਾਲਾ ਬੈਗ' ਜਾਂ 'ਵਿਚਾਰਾਂ ਵਾਲਾ ਫੋਲਡਰ' ਬਣਾਓ। ਲਿਖਣ ਦੇ ਵਿਚਾਰਾਂ ਨੂੰ ਪ੍ਰੇਰਿਤ ਕਰਨ ਲਈ, ਵਸਤੂਆਂ ਜਿਵੇਂ ਕਿ ਤਸਵੀਰਾਂ, ਮੈਗਜ਼ੀਨਾਂ ਤੋਂ ਕੱਟੀਆਂ ਗਈਆਂ ਤਸਵੀਰਾਂ, ਬਰੋਸ਼ਰ, ਮੂਵੀ ਟਿਕਟਾਂ, ਜਾਂ ਕੋਈ ਹੋਰ ਲੱਭੀ ਹੋਈ ਚੀਜ਼ ਇਕੱਠੀ ਕਰੋ।





## ਅਨੁਭਵਾਂ ਅਤੇ ਰੁਚੀਆਂ ਬਾਰੇ ਲਿਖਣਾ

ਤੁਸੀਂ ਆਪਣੇ ਬੱਚੇ ਦੇ ਅਨੁਭਵਾਂ ਅਤੇ ਰੁਚੀਆਂ ਨੂੰ ਲਿਖਤੀ ਰੂਪ ਵਿੱਚ ਵਰਤ ਸਕਦੇ ਹੋ।

**ਇਸ ਲਈ ਵਿਸ਼ਿਆਂ ਵਿੱਚ ਸ਼ਾਮਲ ਹੋ ਸਕਦੇ ਹਨ:**

- ਕਿਸੇ ਹਾਲੀਆ ਅਨੁਭਵ, ਜਿਵੇਂ ਕਿ ਵਿਆਹ ਜਾਂ ਜਨਮਦਿਨ ਦੀ ਪਾਰਟੀ, ਜਾਂ ਕਿਸੇ ਸੈਰ-ਸਪਾਟੇ ਬਾਰੇ ਕੁੱਝ ਲਿਖਣਾ। ਉਦਾਹਰਨ ਲਈ, ਅਜਾਇਬ-ਘਰ ਜਾਣ ਦਾ ਨਤੀਜਾ ਉਸ ਦਿਨ ਦੀਆਂ ਗਤੀਵਿਧੀਆਂ ਨੂੰ ਮੁੜ ਯਾਦ ਕਰਨਾ, ਡਾਇਨੋਸੌਰਾਂ ਬਾਰੇ ਇੱਕ ਰਿਪੋਰਟ ਲਿਖਣਾ, "ਸਭ ਤੋਂ ਵਧੀਆ ਚੀਜ਼ ਜੋ ਮੈਂ ਅੱਜ ਸਿੱਖੀ ਹੈ" ਇਸ ਬਾਰੇ ਰਿਪੋਰਟ ਲਿਖਣਾ, ਡਾਇਨੋਸੌਰਾਂ ਦੇ ਪਰਿਵਾਰ ਬਾਰੇ ਛੋਟੀ ਕਹਾਣੀ ਲਿਖਣਾ, ਜਾਂ ਪ੍ਰਦਰਸ਼ਨੀਆਂ ਦੀ ਇੱਕ ਲਿਖਤੀ ਸੂਚੀ ਬਣਾਉਣਾ ਹੋ ਸਕਦਾ ਹੈ।
- ਟ੍ਰੈਂਪੋਲਿਨ 'ਤੇ ਬਿਤਾਇਆ ਸਮਾਂ ਜਾਂ ਪੈਦਲ ਚੱਲਣ ਦੇ ਨਤੀਜੇ ਵਜੋਂ ਗਤੀਵਿਧੀ ਨੂੰ ਮੁੜ ਗਿਣਿਆ ਜਾ ਸਕਦਾ ਹੈ, ਜੰਪਾਂ/ਕਦਮਾਂ ਦੀਆਂ ਕਿਸਮਾਂ ਬਾਰੇ ਰਿਪੋਰਟ, 'ਮੇਰੀ ਸਭ ਤੋਂ ਵਧੀਆ ਟ੍ਰੈਂਪੋਲਿਨ/ਪੈਦਲ ਚੱਲਣ ਦਾ ਹੁਨਰ' ਬਾਰੇ ਰਿਪੋਰਟ, ਟ੍ਰੈਂਪੋਲਿਨ/ਚਲਣ ਦੀ ਮਾੜੇ ਅਨੁਭਵ ਬਾਰੇ ਕਹਾਣੀ, ਜਾਂ ਟ੍ਰੈਂਪੋਲਿਨ/ਪੈਦਲ ਚੱਲਣ ਬਾਰੇ ਸ਼ਬਦਾਂ ਦੀ ਸੂਚੀ ਅਤੇ ਭਾਸ਼ਾ।
- ਕੁੱਝ ਅਜਿਹਾ ਜੋ ਉਹਨਾਂ ਦੀ ਦਿਲਚਸਪੀ ਦਾ ਹੈ। ਤੁਹਾਡਾ ਬੱਚਾ ਕਿਸੇ ਸ਼ੌਂਕ ਜਾਂ ਹੋਰ ਰੁਚੀ 'ਤੇ ਪੋਸਟਰ ਬਣਾ ਜਾਂ ਛੋਟਾ ਲੇਖ ਲਿਖ ਸਕਦਾ ਹੈ।
- ਕੋਈ ਸੁਪਨਾ ਜਾਂ ਯਾਦ ਜਿਸ ਬਾਰੇ ਉਹਨਾਂ ਨੇ ਹਾਲ ਹੀ ਵਿੱਚ ਚਰਚਾ ਕੀਤੀ ਹੈ।



## ਰਚਨਾਤਮਕ ਤੌਰ ‘ਤੇ ਲਿਖਣਾ (Writing Creatively)

ਕਿਉਂਕਿ ਰਚਨਾਤਮਕ ਲਿਖਣਾ ਮਜ਼ੇਦਾਰ ਹੁੰਦਾ ਹੈ, ਇਹ ਲਿਖਣ ਪ੍ਰਤੀ ਪਿਆਰ ਨੂੰ ਵਧਾਉਣ ਦਾ ਇੱਕ ਵਧੀਆ ਤਰੀਕਾ ਹੈ। ਇਹ ਤੁਹਾਡੇ ਬੱਚੇ ਦੀ ਕਲਪਨਾ ਨੂੰ ਵਿਕਸਤ ਕਰਨ ਵਿੱਚ ਵੀ ਮੱਦਦ ਕਰਦਾ ਹੈ, ਜੋ ਕਿ ਸਿੱਧ ਹੋ ਚੁੱਕਿਆ ਹੈ ਕਿ ਇਹ ਗਹਿਨ ਸੋਚ ਅਤੇ ਸਮੱਸਿਆਵਾਂ ਦਾ ਹੱਲ ਕੱਢਣ ਲਈ ਜ਼ਰੂਰੀ ਹੈ। ਤੁਸੀਂ ਪ੍ਰੇਰਨਾ ਦੇ ਸਰੋਤ ਵਜੋਂ ਜਾਂ ਕੁੱਝ ਨਵਾਂ ਬਣਾਉਣ ਲਈ ਉਸ ਕਿਤਾਬ ਦੀ ਵਰਤੋਂ ਕਰ ਸਕਦੇ ਹੋ ਜੋ ਤੁਸੀਂ ਹਾਲ ਹੀ ਵਿੱਚ ਇਕੱਠੇ ਪੜ੍ਹੀ ਹੈ।

**ਰਚਨਾਤਮਕ ਤੌਰ ‘ਤੇ ਲਿਖਣ ਲਈ ਕੁੱਝ ਪ੍ਰਭਾਵੀ ਵਿਚਾਰਾਂ ਵਿੱਚ ਸ਼ਾਮਲ ਹਨ:**

- ਕਾਰਟੂਨ ਦੇ ਰੂਪ ਵਿੱਚ ਇੱਕ ਛੋਟੀ ਜਿਹੀ ਕਹਾਣੀ ਬਣਾਓ।
- ਮੈਗਜ਼ੀਨਾਂ ਵਿੱਚੋਂ ਲੋਕਾਂ ਦੀਆਂ ਤਸਵੀਰਾਂ ਕੱਟੋ ਅਤੇ ਗੱਲਬਾਤ ਦੇ ਬੁਲਬੁਲੇ (speech bubbles) ਅਤੇ ਸੰਵਾਦ ਬਣਾਓ।
- ਆਪਣੇ ਖੁਦ ਦੇ ਸੁਪਰਹੀਰੋ ਬਣਾਓ ਅਤੇ ਉਹਨਾਂ ਨੂੰ ਇੱਕ ਛੋਟੇ ਦਲੇਰੀ ਜਾਂ ਜ਼ੋਖਮ ਭਰੇ ਕੰਮ ‘ਤੇ ਭੇਜੋ।
- ਵੈੱਬ ‘ਤੇ ਲੱਭੀਆਂ ਕਲਾਕ੍ਰਿਤੀਆਂ ਜਿਵੇਂ ਕਿ ਚਿੱਤਰਕਾਰੀ ਅਤੇ ਫੋਟੋਆਂ ਦੀ ਵਰਤੋਂ ਕਹਾਣੀ ਲਈ ਪ੍ਰੇਰਨਾ ਵਜੋਂ ਕਰੋ।
- ਵਾਕ ਲਿਖਣ ਜਾਂ ਕਾਰਟੂਨ ਸੈੱਲਾਂ ‘ਤੇ ਵਾਰੀ ਬੰਨ੍ਹ ਕੇ ਕਹਾਣੀ ਲਿਖੋ ਜਾਂ ਇਕੱਠੇ ਕੋਈ ਕਾਰਟੂਨ ਬਣਾਓ।
- ਸਧਾਰਨ ਕਹਾਣੀ ਦੇ ਢਾਂਚੇ ਵਿੱਚ ਇੱਕ ਪਾਤਰ ਸ਼ਾਮਲ ਹੁੰਦਾ ਹੈ ਜਿਸਦਾ ਇੱਕ ਟੀਚਾ ਹੁੰਦਾ ਹੈ (ਉਦਾਹਰਨ ਵਜੋਂ: ਫੁੱਟਬਾਲ ਮੈਚ ਜਿੱਤਣਾ; ਗੁਆਚੇ ਹੋਏ ਕੁੱਤੇ ਨੂੰ ਲੱਭਣਾ; ਸੰਸਾਰ ਨੂੰ ਬਚਾਉਣ ਲਈ), ਉਸ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਉਹ ਸਮੱਸਿਆਵਾਂ ਦਾ ਸਾਹਮਣਾ ਕਰਦਾ ਹੈ ਪਰ ਆਖਰ ਨੂੰ ਇੱਕ ਹੱਲ ਲੱਭ ਲੈਂਦਾ ਹੈ। ਇਹ ਢਾਂਚਾ ਉਸ ਛੋਟੀ ਕਹਾਣੀ ਦਾ ਆਧਾਰ ਹੋ ਸਕਦਾ ਹੈ ਜੋ ਤੁਸੀਂ ਇਕੱਠੇ ਲਿਖਦੇ ਹੋ।
- ਖੋਜ ਇੰਜਣ ਤੋਂ ਸਟਾਕ ਚਿੱਤਰਾਂ ਦੀ ਚੋਣ ਕਰੋ, ਜਾਂ ਆਪ ਲਈਆਂ ਗਈਆਂ ਫ਼ੋਟੋਆਂ ਦੀ ਵਰਤੋਂ ਕਰੋ, ਅਤੇ ਉਹਨਾਂ ਨੂੰ ਸਲਾਈਡ ਸ਼ੋਅ ਜਾਂ ਦਸਤਾਵੇਜ਼ ਵਿੱਚ ਪੇਸਟ ਕਰੋ ਫਿਰ ਲੇਬਲ ਲਗਾਓ ਜਾਂ ਵਾਕ ਲਿਖੋ।

## ਘਰ ਵਿੱਚ ਹਰ ਰੋਜ਼ ਲਿਖਣ ਦੇ ਮੌਕੇ

ਪੜ੍ਹਨ ਵਾਂਗ ਹੀ, ਤੁਹਾਡੇ ਬੱਚੇ ਨਾਲ ਘਰ ਵਿੱਚ ਬੈਠਕੇ ਲਿਖਣਾ ਰੋਜ਼ਾਨਾ ਦੀ ਗਤੀਵਿਧੀ ਬਣ ਜਾਣਾ ਚਾਹੀਦਾ ਹੈ।

**ਇਨ੍ਹਾਂ ਦਿੱਤੇ ਗਏ ਕੁੱਝ ਪ੍ਰਭਾਵੀ ਵਿਚਾਰਾਂ ਵਿੱਚੋਂ ਕੁੱਝ ਨੂੰ ਕਰਨ ਦੀ ਕੋਸ਼ਿਸ਼ ਕਰੋ:**

- ਖ਼ਰੀਦਦਾਰੀ ਸੂਚੀ ਬਣਾਓ ਜਾਂ ਸੂਚੀ ਵਿੱਚ ਹੋਰ ਚੀਜ਼ਾਂ ਸ਼ਾਮਲ ਕਰੋ।
- ਪਰਿਵਾਰਕ ਸੰਦੇਸ਼ ਲਿਖਣ ਅਤੇ ਪੜ੍ਹਨ ਲਈ ਇੱਕ ਬੋਰਡ ਰੱਖੋ।
- ਆਪਣੇ ਬੱਚੇ ਨੂੰ ਆਪਣੇ ਲਈ ਰੀਮਾਈਂਡਰ (ਚੀਜ਼ਾਂ ਯਾਦ ਕਰਵਾਉਣ ਲਈ) ਲਿਖਣ ਲਈ ਸਟਿੱਕੀ ਨੋਟਸ ਦੀ ਗੱਥੀ ਦਿਓ।
- ਆਪਣੇ ਹਫ਼ਤਾਵਾਰੀ ਖਾਣੇ ਦੀ ਯੋਜਨਾ ਬਣਾਓ ਅਤੇ ਲਿਖੋ।
- ਆਪਣੀ ਪਰਿਵਾਰਕ ਫੋਟੋ ਐਲਬਮ ਵਿੱਚ ਫੋਟੋਆਂ ਲਈ ਸੁਰਖੀਆਂ ਲਿਖੋ।
- ਆਪਣੇ ਬੱਚੇ ਦੀਆਂ ਕਲਾ ਕਿਰਤਾਂ ਅਤੇ ਰਚਨਾਵਾਂ ਲਈ ਪਰਚੀਆਂ ਲਿਖਕੇ ਲਗਾਓ।
- ਚੁੰਬਕੀ ਅੱਖਰਾਂ ਦੀ ਵਰਤੋਂ ਕਰਕੇ ਸ਼ਬਦ ਬਣਾਓ ਅਤੇ ਉਹਨਾਂ ਨੂੰ ਫ਼ਰਿੱਜ ਜਾਂ ਚੁੰਬਕੀ ਡਿਸਪਲੇ ਬੋਰਡ 'ਤੇ ਚਿਪਕਾਓ
- ਗ੍ਰੀਟਿੰਗ ਕਾਰਡ, ਜਨਮਦਿਨ ਦੇ ਕਾਰਡ, ਅਤੇ ਧੰਨਵਾਦ ਨੋਟਸ ਬਣਾਓ ਅਤੇ ਲਿਖੋ।
- ਗੁਆਂਢੀਆਂ ਵੱਲੋਂ ਆਨੰਦ ਲੈਣ ਲਈ ਫੁਟਪਾਥ 'ਤੇ ਚਾਕ ਵਿੱਚ ਸੰਦੇਸ਼ ਅਤੇ ਸ਼ੁਭਕਾਮਨਾਵਾਂ ਲਿਖੋ।
- ਪਰਿਵਾਰਕ ਕੈਲੰਡਰ ਨੂੰ ਕਿਸੇ ਦਿੱਸਣ ਯੋਗ ਥਾਂ ਉੱਤੇ ਰੱਖੋ ਅਤੇ ਉਸ ਉੱਪਰ ਪਰਿਵਾਰਕ ਸਮਾਗਮਾਂ ਨੂੰ ਲਿਖੋ।





## ਜਨਮ ਤੋਂ ਸਕੂਲ ਗ੍ਰੇਡ 2

# ਅੰਕ-ਗਿਆਨ

**ਬੱਚੇ ਦੇ ਪਹਿਲੇ ਸਾਲ ਤੇਜ਼ੀ ਨਾਲ ਸਿੱਖਣ ਦਾ ਸਮਾਂ ਹੁੰਦੇ ਹਨ। ਖੋਜ ਸਾਨੂੰ ਦੱਸਦੀ ਹੈ ਕਿ ਬੱਚਿਆਂ ਵਿੱਚ ਕੁਦਰਤੀ ਤੌਰ 'ਤੇ ਸੰਖਿਆਵਾਂ ਨੂੰ ਸਮਝਣ ਦੀ ਸਮਰੱਥਾ ਹੁੰਦੀ ਹੈ। ਆਪਣੇ ਬੱਚੇ ਦੇ ਪਹਿਲੇ ਅਧਿਆਪਕ ਹੋਣ ਦੇ ਨਾਤੇ, ਤੁਸੀਂ ਛੋਟੀ ਉਮਰ ਤੋਂ ਹੀ ਉਹਨਾਂ ਦੇ ਅੰਕਾਂ ਦੇ ਹੁਨਰ ਨੂੰ ਵਿਕਸਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹੋ।**

ਅੰਕ-ਗਿਆਨ ਦੇ ਹੁਨਰ ਦਾ ਛੇਤੀ ਵਿਕਾਸ ਕਰਨਾ ਬੱਚਿਆਂ ਨੂੰ ਉਹਨਾਂ ਦੇ ਸਿੱਖਣ ਅਤੇ ਵਿਕਾਸ ਲਈ ਇੱਕ ਮਹੱਤਵਪੂਰਨ ਨੀਂਹ ਪ੍ਰਦਾਨ ਕਰਦਾ ਹੈ। ਇਹ ਉਹਨਾਂ ਨੂੰ ਰੋਜ਼ਮਰਾ ਜੀਵਨ ਲਈ ਤਿਆਰ ਕਰਨ ਵਿੱਚ ਮੱਦਦ ਕਰਦਾ ਹੈ, ਜਿਸ ਵਿੱਚ ਆਮ ਸਮੱਸਿਆ ਨੂੰ ਹੱਲ ਕਰਨਾ ਅਤੇ ਪੈਸੇ ਨੂੰ ਸੰਭਾਲਣਾ ਸ਼ਾਮਲ ਹੈ।

ਗਣਿਤ ਵਿੱਚ ਨੰਬਰ, ਬਣਾਵਟ, ਪੈਟਰਨ, ਆਕਾਰ, ਸਮਾਂ ਅਤੇ ਮਾਪ ਦਾ ਪਤਾ ਲਗਾਉਣਾ ਸ਼ਾਮਲ ਹੁੰਦਾ ਹੈ। ਰੋਜ਼ਮਰਾ ਦੇ ਅਨੁਭਵਾਂ ਵਿੱਚ ਗਣਿਤ ਨੂੰ ਸ਼ਾਮਲ ਕਰਨਾ ਆਸਾਨ ਅਤੇ ਮਜ਼ੇਦਾਰ ਹੈ। ਗਣਿਤ ਹਰ ਜਗ੍ਹਾ ਮੌਜੂਦ ਹੈ - ਖੇਡ ਦੇ ਮੈਦਾਨ ਵਿੱਚ, ਦੁਕਾਨਾਂ ਵਿੱਚ ਅਤੇ ਘਰ ਵਿੱਚ।

ਬੱਚਿਆਂ ਨੂੰ ਸੰਖਿਆਵਾਂ ਬਣਾਉਣ, ਗਿਣਨ, ਲਿਖਣ ਅਤੇ ਗੱਲ ਕਰਨ ਵਿੱਚ ਬਹੁਤ ਸਾਰੇ ਅਨੁਭਵਾਂ ਦੀ ਲੋੜ ਹੁੰਦੀ ਹੈ। ਇਹ ਭਾਗ ਤੁਹਾਡੀ ਦੇਖਭਾਲ ਵਿੱਚ ਬੱਚਿਆਂ ਵਿੱਚ ਇਹ ਹੁਨਰ ਪੈਦਾ ਕਰਨ ਵਿੱਚ ਤੁਹਾਡੀ ਮੱਦਦ ਕਰੇਗਾ। ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਤੁਹਾਡਾ ਬੱਚਾ ਆਪਣੇ ਸ਼ੁਰੂਆਤੀ ਬਚਪਨ ਦੇ ਕੇਂਦਰ, ਕਿੰਡਰਗਾਰਟਨ ਜਾਂ ਸਕੂਲ ਵਿੱਚ ਜੋ ਗਣਿਤ ਪੜ੍ਹ ਰਿਹਾ ਹੈ, ਉਹ ਉਸ ਤੋਂ ਵੱਖਰਾ ਹੈ ਕਿ ਜਿਵੇਂ ਇਹ ਤੁਹਾਨੂੰ ਸਿਖਾਇਆ ਗਿਆ ਸੀ, ਪਰ ਫਿਰ ਵੀ ਤੁਸੀਂ ਆਪਣੇ ਬੱਚੇ ਦੀ ਕਈ ਤਰੀਕਿਆਂ ਨਾਲ ਸਹਾਇਤਾ ਕਰ ਸਕਦੇ ਹੋ। ਇਹ ਦੱਸ ਕੇ ਆਪਣੇ ਬੱਚੇ ਲਈ ਕੜੀ ਬਣਾਓ ਕਿ ਕਿਵੇਂ ਨੰਬਰ ਅਤੇ ਗਿਣਤੀ ਰੋਜ਼ਾਨਾ ਜੀਵਨ ਦਾ ਹਿੱਸਾ ਹਨ।

# ਘਰ ਵਿੱਚ ਇਕੱਠੇ ਮਿਲਕੇ ਗਣਿਤ ਪੜ੍ਹਨਾ

## ਗਣਿਤ ਬਾਰੇ ਗੱਲ ਕਰਦੇ ਹੋਏ

ਬੱਚਿਆਂ ਲਈ ਗਣਿਤ ਨਾਲ ਸੰਬੰਧਿਤ ਖ਼ਾਸ ਭਾਸ਼ਾ ਦੇ ਹੁਨਰ ਨੂੰ ਵਿਕਸਿਤ ਕਰਨਾ ਮਹੱਤਵਪੂਰਨ ਹੈ। ਖੇਡ ਦੇ ਮੈਦਾਨ ਵਿੱਚ ਆਉਣਾ, ਜਾਂ ਘਰ ਵਿੱਚ ਮੱਦਦ ਕਰਨਾ, ਇਹਨਾਂ ਹੁਨਰਾਂ ਨੂੰ ਵਿਕਸਤ ਕਰਨ ਲਈ ਬਹੁਮੁੱਲੇ ਅਤੇ ਅਰਥਪੂਰਨ ਸੰਦਰਭ ਪ੍ਰਦਾਨ ਕਰਦਾ ਹੈ। ਤੁਹਾਡੇ ਬੱਚੇ ਨੂੰ ਇਹਨਾਂ ਸ਼ਬਦਾਂ ਅਤੇ ਭਾਸ਼ਾ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕਰਨ ਵਿੱਚ ਸਮਾਂ ਲੱਗ ਸਕਦਾ ਹੈ, ਪਰ ਇਸ ਗਣਿਤ ਸੰਬੰਧੀ ਗੱਲਬਾਤ ਨਾਲ ਵਾਹ ਪੈਣਾ ਭਵਿੱਖ ਦੀ ਸਿੱਖਿਆ ਲਈ ਇੱਕ ਮਜ਼ਬੂਤ ਸਹਾਰਾ ਹੈ।

**ਗਣਿਤ ਦੀ ਭਾਸ਼ਾ ਨੂੰ ਵਿਕਸਿਤ ਕਰਨ ਲਈ ਕੁੱਝ ਗਤੀਵਿਧੀਆਂ:**

- ਵਸਤੂਆਂ ਦੀ ਮੰਗ ਕਰਦੇ ਸਮੇਂ ਖ਼ਾਸ ਸ਼ਬਦਾਂ ਦੀ ਵਰਤੋਂ ਕਰੋ। ਉਦਾਹਰਨ ਲਈ, ਆਪਣੇ ਬੱਚੇ ਨੂੰ ਫਰਿੱਜ ਵਿੱਚੋਂ 'ਇੱਕ ਲੀਟਰ' ਦੁੱਧ ਦੀ ਬੋਤਲ, ਜਾਂ ਅਲਮਾਰੀ ਵਿੱਚੋਂ 'ਇੱਕ ਕਿਲੋ' ਆਟੇ ਦੀ ਬੋਰੀ ਲੈਣ ਲਈ ਕਹੋ।
- ਖਾਣਾ ਪਕਾਉਂਦੇ ਸਮੇਂ, ਵਰਤੇ ਗਏ ਵੱਖ-ਵੱਖ ਮਾਪਾਂ ਬਾਰੇ ਗੱਲ ਕਰੋ, ਜਿਵੇਂ ਕਿ ਛੋਟਾ ਚਮਚ, ਮਿਲੀਲੀਟਰ, ਲੀਟਰ, ਅਤੇ ਕੱਪ। ਖਾਲੀ ਅਤੇ ਭਰੇ ਹੋਣ ਬਾਰੇ ਵਿਚਾਰਾਂ 'ਤੇ ਚਰਚਾ ਕਰੋ।
- ਜਦੋਂ ਤੁਸੀਂ ਇਕੱਠੇ ਚੱਲਦੇ, ਗੱਲ ਕਰਦੇ ਅਤੇ ਖੇਡਦੇ ਹੋ ਤਾਂ ਤੁਹਾਡੇ ਬੱਚੇ ਵਲੋਂ ਕੀਤੀਆਂ ਜਾ ਰਹੀਆਂ ਹਰਕਤਾਂ ਦਾ ਵਰਣਨ ਕਰੋ ਜਦੋਂ ਉਹ ਵਾੜ ਦੇ 'ਉੱਪਰ' ਚੜ੍ਹਦੇ ਹਨ, ਖੰਭਿਆਂ ਦੇ 'ਵਿੱਚੋਂ' ਸਰਕ ਕੇ ਨਿੱਕਲਦੇ ਹਨ, ਅਤੇ ਡੰਡਿਆਂ (ਮੰਕੀ ਬਾਰਜ਼) ਨਾਲ 'ਹੇਠਾਂ' ਝੂਲਦੇ/ਲਟਕਦੇ ਹਨ। ਇਹ ਤੁਹਾਡੇ ਬੱਚੇ ਨੂੰ ਸਥਾਨਕ ਜਾਗਰੂਕਤਾ ਨਾਲ ਸੰਬੰਧਿਤ ਭਾਸ਼ਾ ਨੂੰ ਸਮਝਣ ਵਿੱਚ ਮੱਦਦ ਕਰਦਾ ਹੈ।
- ਛਾਂਟੀ ਕਰਨ ਦੀਆਂ ਗਤੀਵਿਧੀਆਂ ਤੁਹਾਡੇ ਬੱਚੇ ਨੂੰ 'ਇੱਕੋ ਜਿਹੇ' ਅਤੇ 'ਵੱਖ-ਵੱਖ' ਹੋਣ ਦੀਆਂ ਧਾਰਨਾਵਾਂ ਨੂੰ ਸਮਝਣ ਵਿੱਚ ਸਹਾਇਤਾ ਕਰਦੀਆਂ ਹਨ। ਕੂੜੇ ਵਿੱਚ ਸੁੱਟਣ ਵਾਲੀਆਂ ਚੀਜ਼ਾਂ ਨੂੰ ਛਾਂਟ ਕੇ ਦੇ ਰੀਸਾਈਕਲਿੰਗ ਨੂੰ ਇੱਕ ਮੌਕੇ ਵਜੋਂ ਵਰਤੋਂ। ਉਦਾਹਰਨ ਲਈ, ਕਾਗਜ਼, ਪਲਾਸਟਿਕ, ਭੋਜਨ ਦੀ ਰਹਿੰਦ-ਖੂੰਹਦ ਅਤੇ ਆਮ ਕੂੜਾ।



## ਗਿਣਤੀ

ਗਿਣਤੀ ਕਰਨਾ ਛੋਟੇ ਬੱਚਿਆਂ ਦੇ ਲਈ ਗਣਿਤ ਕਰਨ ਦੇ ਸਭ ਤੋਂ ਪਹਿਲੇ ਅਨੁਭਵਾਂ ਵਿੱਚੋਂ ਇੱਕ ਹੈ।

ਨੰਬਰਾਂ ਨੂੰ ਕਹਿਣਾ ਸਿੱਖਣਾ ਅਕਸਰ ਇੱਕ ਪਸੰਦੀਦਾ ਗੀਤ ਜਾਂ ਤੁਕਬੰਦੀ ਅਤੇ ਸੰਖਿਆ ਦੇ ਨਾਮਾਂ ਦੇ ਦੁਹਰਾਓ ਨਾਲ ਸ਼ੁਰੂ ਹੁੰਦਾ ਹੈ।ਵੇਖ ਕੇ ਨੰਬਰਾਂ ਦੀ ਪਛਾਣ ਕਰਨ ਅਤੇ ਇਕੱਲੇ-ਇਕੱਲੇ ਨੰਬਰ ਦੀ ਪਛਾਣ ਕਰਨ ਤੋਂ ਪਹਿਲਾਂ, ਬੱਚੇ ਅਕਸਰ ਨੰਬਰ ਬੋਲਦੇ ਹਨ।

**ਤੁਹਾਡੇ ਬੱਚੇ ਨੂੰ ਗਿਣਤੀ ਕਰਨ ਵਿੱਚ ਸ਼ਾਮਲ ਕਰਨ ਦੇ ਲਈ ਇੱਥੇ ਕੁੱਝ ਗਤੀਵਿਧੀਆਂ ਅਤੇ ਸੁਝਾਅ ਦੱਸੇ ਗਏ ਹਨ:**

- ਇਹਨਾਂ ਗੀਤਾਂ ਅਤੇ ਕਵਿਤਾਵਾਂ ਵਿੱਚ ਗਿਣਤੀ ਦੇ ਕ੍ਰਮ ਨੂੰ ਸੁਣੋ, ਜੋ ਕਿ ਸਾਰੇ www.youtube.com'ਤੇ ਲੱਭੇ ਜਾ ਸਕਦੇ ਹਨ:
  - Five Little Ducks (ਫ਼ਾਇਵ ਲਿਟਲ ਡੱਕਸ)
  - Ten in the Bed (ਟੈਂਨ ਇਨ ਦਾ ਬੈਡ)
  - 1, 2, 3, 4, 5, Once I Caught a Fish Alive (1, 2, 3, 4, 5, ਵਨਸ ਆਈ ਕੌਟ ਏ ਫਿਸ਼ ਅਲਾਇਵ)
  - Ten Green Bottles (ਟੈਂਨ ਗ੍ਰੀਨ ਬੋਟਲਜ਼)
  - Five Little Monkeys (ਫ਼ਾਇਵ ਲਿਟਲ ਮੌਂਕੀਜ਼)
  - 1, 2, Buckle My Shoe (1, 2, ਬੱਕਲ ਮਾਈ ਸ਼ੂਅ)



- ਬੱਚੇ ਕਿਸੇ ਸਮੂਹ ਦੀਆਂ ਸਾਰੀਆਂ ਵਸਤੂਆਂ ਨੂੰ ਗਿਣਨ ਦੇ ਨਾਲ ਸ਼ੁਰੂਆਤ ਕਰਣਗੇ, ਉਦਾਹਰਨ ਦੇ ਤੌਰ 'ਤੇ, ਹੱਥਾਂ ਅਤੇ ਪੈਰਾਂ ਦੀਆਂ ਉਂਗਲਾਂ, ਉਨ੍ਹਾਂ ਦੇ ਕੱਪੜਿਆਂ ਤੇ ਲੱਗੇ ਬਟਨ, ਘਰ ਜਾਣ ਲਈ ਬਣੀਆਂ ਪੌੜੀਆਂ ਅਤੇ ਉਨ੍ਹਾਂ ਦੇ ਖਿਡੌਣੇ।
- ਜਿਵੇਂ-ਜਿਵੇਂ ਬੱਚੇ ਵਸਤੂਆਂ ਦੇ ਕਿਸੇ ਸਮੂਹ ਦੀ ਗਿਣਤੀ ਕਰਨ ਲੱਗਣਗੇ, ਉਹ ਹਰ ਇੱਕ ਚੀਜ਼ ਨੂੰ ਕਿਸੇ ਇੱਕ ਨੰਬਰ ਦੇ ਨਾਲ ਜੋੜ ਕੇ ਵੇਖਣਾ ਸ਼ੁਰੂ ਕਰਨਗੇ। ਸ਼ੁਰੂ ਵਿੱਚ, ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਉਹ ਹਰ ਇੱਕ ਉਸ ਚੀਜ਼ ਨੂੰ ਛੂਹਣ ਜਦੋਂ ਉਹ ਉਸ ਚੀਜ਼ ਦੇ ਨਾਲ ਮੇਲ ਖਾਂਦਾ ਨੰਬਰ ਬੋਲਣ।
- ਬੱਚੇ ਜਦੋਂ ਚੀਜ਼ਾਂ ਦੇ ਸਮੂਹ ਦੀ ਗਿਣਤੀ ਕਰਨੀ ਸ਼ੁਰੂ ਕਰਦੇ ਹਨ, ਤਾਂ ਉਨ੍ਹਾਂ ਨੂੰ ਗਿਣਨ ਵਿੱਚ ਮੱਦਦ ਲੈਣ ਲਈ ਚੀਜ਼ਾਂ ਨੂੰ ਇੱਕ ਲਾਈਨ ਵਿੱਚ ਟਿਕਾਉਣ ਦੀ ਲੋੜ ਹੋ ਸਕਦੀ ਹੈ। ਬਾਅਦ ਵਿੱਚ ਉਹ ਚੀਜ਼ਾਂ ਨੂੰ ਲਾਈਨ ਵਿੱਚ ਬਗ਼ੈਰ ਟਿਕਾਏ ਤੋਂ ਗਿਣਨਾ ਸ਼ੁਰੂ ਕਰਨ ਦੇ ਯੋਗ ਹੋਣਗੇ।
- ਇੱਕ ਵਾਰ ਜਦੋਂ ਤੁਹਾਡੇ ਬੱਚੇ ਅੰਦਰ ਆਤਮ-ਵਿਸ਼ਵਾਸ ਆ ਜਾਵੇ, ਤਾਂ ਗਿਣਤੀ ਦਾ ਅਭਿਆਸ ਕਰਨ ਲਈ ਸ਼ੁਰੂਆਤੀ ਬਿੰਦੂ ਵਜੋਂ ਵੱਖ-ਵੱਖ ਸੰਖਿਆਵਾਂ ਦੀ ਵਰਤੋਂ ਕਰੋ। ਉਦਾਹਰਨ ਲਈ, 6 ਜਾਂ 10 ਤੋਂ ਗਿਣਤੀ ਦੀ ਸ਼ੁਰੂਆਤ ਕਰੋ। ਆਪਣੇ ਬੱਚੇ ਨੂੰ ਅੱਗੇ ਅਤੇ ਪਿੱਛੇ ਦੀ ਗਿਣਤੀ ਕਰਨ ਲਈ ਕਹੋ। ਪੁੱਛੋ ਕਿ ਦਿੱਤੇ ਨੰਬਰ ਤੋਂ ਪਹਿਲਾਂ ਕਿਹੜਾ ਨੰਬਰ ਆਉਂਦਾ ਹੈ, ਜਾਂ ਕਿਹੜਾ ਨੰਬਰ ਬਾਅਦ ਵਿੱਚ ਆਉਂਦਾ ਹੈ।

## ਹਰ ਰੋਜ਼ ਗਿਣਤੀ ਕਰਨਾ

ਤੁਸੀਂ ਗਿਣਤੀ ਨੂੰ ਰੋਜ਼ ਦੀਆਂ ਗਤੀਵਿਧੀਆਂ ਦਾ ਇੱਕ ਹਿੱਸਾ ਬਣਾ ਸਕਦੇ ਹੋ, ਜਿਵੇਂ ਕਿ:

- ਕਿਸੇ ਫ਼ਲ ਨੂੰ ਛੇ ਹਿੱਸਿਆਂ ਵਿੱਚ ਕੱਟੋ ਅਤੇ ਆਪਣੇ ਬੱਚੇ ਨੂੰ ਟੁਕੜਿਆਂ ਦੀ ਗਿਣਤੀ ਕਰਨ ਲਈ ਕਹੋ।
- ਸਵੇਰੇ ਨਾਸ਼ਤੇ ਵਿੱਚ ਤੁਸੀਂ ਕਿੰਨੇ ਟੋਸਟ ਬਣਾਏ ਹਨ ਉਸਦੀ ਗਿਣਤੀ ਕਰੋ।
- ਮੇਜ਼ ਉੱਤੇ ਛੁਰੀ-ਕਾਂਟਾ ਆਦਿ (ਕਟਲਰੀ) ਦੀਆਂ ਕੁੱਝ ਕਿੰਨੀਆਂ ਚੀਜ਼ਾਂ ਪਈਆਂ ਹਨ, ਉਸਦਾ ਜੋੜ ਕੱਢੋ।
- ਕਾਰ ਜਾਂ ਬੱਸ ਵਿੱਚ ਕਿੰਨੇ ਲੋਕ ਸਫ਼ਰ ਕਰ ਰਹੇ ਹਨ, ਉਸਦੀ ਗਿਣਤੀ ਕਰੋ।
- ਗਲੀ ਵਿੱਚ ਚੱਲਦੇ ਹੋਏ ਤੁਸੀਂ ਕਿੰਨੇ ਘਰਾਂ ਨੂੰ ਲੰਘ ਕੇ ਜਾਂਦੇ ਹੋ, ਉਸਦੀ ਗਿਣਤੀ ਕਰੋ।
- ਗਿਣਤੀ ਕਰੋ ਕਿ ਰਸੋਈ ਤੋਂ ਲੈ ਕੇ ਬਾਥਰੂਮ ਤੱਕ ਜਾਣ ਵਿੱਚ ਕਿੰਨੇ ਕਦਮ ਲੱਗਦੇ ਹਨ।
- ਆਪਣੇ ਬੱਚੇ ਨਾਲ ਕਰਿਆਨੇ ਦੀ ਖ਼ਰੀਦਦਾਰੀ ਕਰਦੇ ਸਮੇਂ ਗਿਣਤੀ ਕਰਨ ਦਾ ਅਭਿਆਸ ਕਰੋ (ਉਦਾਹਰਨ ਲਈ, ਤੁਹਾਡੇ ਵੱਲੋਂ ਬੈਗ ਵਿੱਚ ਪਾਏ ਗਏ ਸੇਬਾਂ ਦੀ ਗਿਣਤੀ ਕਰਨਾ)।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਇਸ ਬਾਰੇ ਗੱਲ ਕਰੇ ਕਿ ਉਸਨੇ ਜੋ ਤਸਵੀਰ ਬਣਾਈ ਹੈ, ਉਸ ਦੇ ਵਿੱਚ ਕਿੰਨੀਆਂ ਚੀਜ਼ਾਂ ਹਨ।

## ਨੰਬਰ ਲੱਭ ਕੇ ਵਿਖਾਉਣਾ / ਨੰਬਰ ਹਟਿੰਗ (Hunting for numbers)


ਨੰਬਰ ਹੰਟ ਤੁਹਾਡੇ ਬੱਚੇ ਦੇ ਲਈ ਇੱਕ ਮਨੋਰੰਜਕ ਅਤੇ ਰੁਝਾਉਣ ਵਾਲੀ ਗਤੀਵਿਧੀ ਹੈ। ਆਪਣੇ ਬੱਚੇ ਨੂੰ ਕਹੋ ਕਿ ਤੁਹਾਡੇ ਆਸ ਪਾਸ ਮੌਜੂਦ ਨੰਬਰਾਂ ਨੂੰ ਲੱਭੇ। ਕਾਰ ਨੰਬਰ ਪਲੇਟਾਂ, ਚਿੰਨ੍ਹਾਂ, ਕੈਲੰਡਰਾਂ, ਅਖਬਾਰਾਂ, ਖ਼ਰੀਦਦਾਰੀ ਕੈਟਾਲਾਗ, ਸਪੀਡ ਚਿੰਨ੍ਹ ਅਤੇ ਘਰਾਂ 'ਤੇ ਲੱਗੇ ਨੰਬਰ ਦੇਖੋ ਅਤੇ ਬੋਲੋ।

## ਤਾਸ਼ ਦੇ ਪੱਤਿਆਂ ਦੀ ਵਰਤੋਂ ਕਰਨੀ

ਤਾਸ਼ ਖੇਡਣਾ ਹਮੇਸ਼ਾ ਹੀ ਇੱਕ ਮਜ਼ੇਦਾਰ ਗਤੀਵਿਧੀ ਹੁੰਦੀ ਹੈ, ਖ਼ਾਸ ਕਰ ਕੇ ਮੀਂਹ ਵਾਲੇ ਦਿਨ ਜਾਂ ਛੁੱਟੀਆਂ ਦੇ ਦਿਨਾਂ ਵਿੱਚ। ਤੁਸੀਂ:

- ਤਾਸ਼ ਨਾਲ ਮੇਲ ਖਾਂਦੇ ਨੰਬਰ ਵਾਲੀਆਂ ਗੇਮਾਂ ਖੇਡ ਸਕਦੇ ਹੋ ਜਿਵੇਂ ਕਿ 'ਸਨੈਪ'
- ਤਾਸ਼ ਦੇ ਪੱਤਿਆਂ ਨੂੰ ਛੋਟੇ ਤੋਂ ਲੈ ਕੇ ਸਭ ਤੋਂ ਵੱਡੇ ਨੰਬਰ ਤੱਕ ਜਾਂ ਸਭ ਤੋਂ ਵੱਡੇ ਤੋਂ ਸ਼ੁਰੂ ਹੋ ਕੇ ਸਭ ਤੋਂ ਛੋਟੇ ਨੰਬਰ ਤੱਕ ਕ੍ਰਮ ਵਿੱਚ ਲਗਾ ਸਕਦੇ ਹੋ।







## ਦੁਕਾਨ ਚਲਾਉਣ ਦੀ ਖੇਡ ਖੇਡਣਾ

ਦੁਕਾਨ ਚਲਾਉਣ ਦੀ ਖੇਡ ਖੇਡਣਾ ਤੁਹਾਡੇ ਬੱਚੇ ਨੂੰ ਆਪਣੇ ਗਣਿਤ ਨੂੰ ਅਸਲ ਸੰਸਾਰ ਵਿੱਚ ਸਿੱਖਣ ਵਿੱਚ ਮੱਦਦ ਕਰਦਾ ਹੈ, ਜਦਕਿ ਇਹ ਉਹਨਾਂ ਦੇ ਸਮਾਜਿਕ ਹੁਨਰਾਂ ਨੂੰ ਵੀ ਵਿਕਸਤ ਕਰਦਾ ਹੈ। ਦੁਕਾਨ ਚਲਾਉਣ ਦੀ ਖੇਡ ਖੇਡਣ ਦਾ ਇੱਕ ਤਰੀਕਾ ਹੈ ਘਰ ਵਿੱਚ ਇੱਕ ਮਿੰਨੀ-ਸ਼ਾਪ ਬਣਾਉਣਾ। ਇੱਥੇ ਕੁੱਝ ਸੁਝਾਅ ਅਤੇ ਗਤੀਵਿਧੀਆਂ ਦੱਸੀਆਂ ਗਈਆਂ ਹਨ:


- ਘਰ ਅੰਦਰੋਂ ਖਾਣ-ਪੀਣ ਦਾ ਸਾਮਾਨ ਅਤੇ ਭੋਜਨ ਪਦਾਰਥ ਇਕੱਠੇ ਕਰ ਲਉ ਅਤੇ ਉਨ੍ਹਾਂ ਉੱਤੇ ਉਨ੍ਹਾਂ ਦੀ ਕੀਮਤ ਦਾ ਸਟਿੱਕੀ ਨੋਟਸ ਦਾ ਲੇਬਲ ਚਿਪਕਾ ਲਉ, ਜਾਂ ਸ਼ਾਪਿੰਗ ਕੈਟਾਲਾਗ (shopping catalogue) ਵਿੱਚੋਂ ਕੀਮਤਾਂ ਕੱਟ ਕੇ ਲਗਾ ਦਿਉ।
- ਅਸੀਂ ਕਿਸ ਤਰੀਕੇ ਦੇ ਨਾਲ ਸਿੱਕਿਆਂ, ਨੋਟਾਂ ਅਤੇ ਕਾਰਡ ਰਾਹੀਂ ਭੁਗਤਾਨ ਕਰਦੇ ਹਾਂ ਉਸ ਦੇ ਬਾਰੇ ਗੱਲ ਕਰੋ।
- ਕਾਗਜ਼ ਦੇ ਪੈਸੇ ਬਣਾ ਲਉ ਜਾਂ ਫੇਰ ਖੇਡਣ ਦੇ ਲਈ ਬਣੇ ਪੈਸਿਆਂ ਦਾ ਵਰਤੋਂ ਕਰਦੇ ਹੋਏ ਉਸ ਛੋਟੀ ਦੁਕਾਨ ਤੋਂ ਸਮਾਨ ਦੀ ਖ਼ਰੀਦ-ਵੇਚ ਕਰੋ।
- ਪੁਰਾਣੀਆਂ ਰਸੀਦਾਂ ਜਾਂ ਕੀਮਤ ਦੇ ਟੈਗ ਇਕੱਠੇ ਕਰੋ ਅਤੇ ਉਨ੍ਹਾਂ ਨੂੰ ਉਸ ਛੋਟੀ ਦੁਕਾਨ ਦੇ ਅੰਦਰ ਵਰਤੋਂ ਕਰੋ।
- ਵੱਖ-ਵੱਖ ਸਿੱਕਿਆਂ ਦੀਆਂ ਵਿਸ਼ੇਸ਼ਤਾਵਾਂ ਵੱਲ ਧਿਆਨ ਦਿਉ, ਜਿਸ ਵਿੱਚ ਸ਼ਾਮਿਲ ਹੈ ਕਿ ਉਹ ਕਿਸ ਅਕਾਰ ਦੇ ਹਨ ਅਤੇ ਉਨ੍ਹਾਂ ਉੱਤੇ ਕਿਹੜੇ ਜਾਨਵਰ ਜਾਂ ਲੋਕ ਦਿਖਾਏ ਗਏ ਹਨ। ਇਨ੍ਹਾਂ ਅੰਤਰਾਂ ਬਾਰੇ ਚਰਚਾ ਕਰੋ। ਕਾਗਜ਼ ਅਤੇ ਪੈਂਸਿਲ ਦੇ ਨਾਲ coin rubbings ਬਣਾਉ (ਕਾਗਜ਼ ਨੂੰ ਸਿੱਕੇ ਉੱਤੇ ਰੱਖ ਕੇ ਪੈਂਸਿਲ ਦੇ ਨਾਲ ਰਗੜ ਕੇ ਸਿੱਕੇ ਦਾ ਅਕਾਰ ਕਾਗਜ਼ ਤੇ ਉਤਾਰਨਾ)।
- ਨੰਬਰਾਂ ਦੀ ਸਤਰ ਦੇ ਨਾਲ ਇੱਕ ਖੇਡਣ ਵਾਲਾ ਕਰੈਡਿਟ ਕਾਰਡ ਬਣਾਓ। ਕਾਰਡ 'ਤੇ ਲਿਖੇ ਨੰਬਰਾਂ ਨੂੰ ਦਬਾਉਣ ਲਈ ਇੱਕ ਕਾਗਜ਼ੀ ਕੀਪੈਡ ਬਣਾਓ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਉਹ ਖਾਣ-ਪੀਣ ਦੀਆਂ ਚੀਜ਼ਾਂ ਨੂੰ ਉਨ੍ਹਾਂ ਦੀ ਉਚਾਈ ਦੇ ਹਿਸਾਬ ਨਾਲ ਇੱਕ ਕ੍ਰਮ ਵਿੱਚ ਲਗਾਏ (ਸਭ ਤੋਂ ਲੰਬੇ ਤੋਂ ਲੈ ਕੇ ਸਭ ਤੋਂ ਛੋਟੇ ਤੱਕ) ਜਾਂ ਫਿਰ ਉਨ੍ਹਾਂ ਦੀ ਕੀਮਤ ਦੇ ਹਿਸਾਬ ਨਾਲ ਲਗਾਏ (ਸਭ ਤੋਂ ਸਸਤੇ ਤੋਂ ਲੈ ਕੇ ਸਭ ਤੋਂ ਮਹਿੰਗੇ ਤੱਕ)।
- ਭੋਜਨਾਂ ਨੂੰ ਤੋਲਣ ਲਈ ਮਿੰਨੀ-ਸ਼ਾਪ ਵਿੱਚ ਰਸੋਈ ਵਾਲੇ ਕੰਡੇ ਦੀ ਵਰਤੋਂ ਸ਼ੁਰੂ ਕਰੋ, ਜਿਵੇਂ ਕਿ ਚਾਹ ਦੀਆਂ ਪੁੜੀਆਂ ਦਾ ਡੱਬਾ ਜਾਂ ਚੌਲਾਂ ਦਾ ਬੈਗ, ਅਤੇ ਵਸਤੂਆਂ ਨੂੰ ਵਜ਼ਨ ਅਨੁਸਾਰ ਕ੍ਰਮ ਵਿੱਚ ਰੱਖੋ।



## ਗੇਮਾਂ ਖੇਡਣੀਆਂ

**ਗਣਿਤ ਨੂੰ ਖੇਡਾਂ ਦੇ ਨਾਲ ਮਨੋਰੰਜਕ ਅਤੇ ਸੰਵਾਦਾਤਮਕ (interactive) ਬਨਾਉਣ ਦੇ ਨਾਲ ਤੁਹਾਡੇ ਬੱਚੇ ਅੰਦਰ ਰੁਝਾਨ ਪੈਦਾ ਹੋਵੇਗਾ।ਇੱਥੇ ਕੁੱਝ ਪ੍ਰਭਾਵੀ ਵਿਚਾਰ ਦੱਸੇ ਗਏ ਹਨ:**

- ਆਪਣੇ ਬੱਚੇ ਨੂੰ ਆਕਾਰਾਂ, ਨੰਬਰਾਂ ਅਤੇ ਇੱਕੋ ਰੂਪ ਰਚਨਾ ਵਾਲੀਆਂ ਚੀਜ਼ਾਂ (ਪੈਟਰਨਾਂ) ਦੀ ਪਹਿਚਾਣ ਕਰਨ ਵਿੱਚ ਮੱਦਦ ਕਰਨ ਦੇ ਲਈ 'ਆਈ ਸਪਾਈ' (I Spy) ਜਾਂ ਹੋਰ ਖੇਡਾਂ ਖੇਡੋ।
- ਬੋਰਡ ਗੇਮਾਂ (Board games) ਇੱਕ ਮਨੋਰੰਜਕ ਤਰੀਕਾ ਹੈ ਜਿਸ ਦੇ ਨਾਲ ਤੁਸੀਂ ਸਾਰੇ ਪਰਿਵਾਰ ਨੂੰ ਗਣਿਤ ਦੇ ਵਿੱਚ ਸ਼ਾਮਿਲ ਕਰ ਸਕਦੇ ਹੋ। ਪਾਸਾ (Dice) ਸੁੱਟਣ ਤੋਂ ਬਾਅਦ ਗਿਣਨ ਦੇ ਵਿੱਚ ਆਪਣੇ ਬੱਚੇ ਦੀ ਮੱਦਦ ਕਰੋ ਅਤੇ ਪਾਸੇ ਉੱਤੇ ਆਏ ਨੰਬਰ ਦੀ ਗਿਣਤੀ ਤੱਕ ਪਹੁੰਚਕੇ ਚਾਲ ਰੋਕ ਦਿਉ।
- ਪਾਸਾ ਵਰਤਦੇ ਸਮੇਂ, ਹੋ ਸਕਦਾ ਹੈ ਕਿ ਤੁਹਾਡਾ ਬੱਚਾ ਪਾਸੇ ਦੇ ਮੂੰਹ ਉੱਤੇ ਛਪੀਆਂ ਬਿੰਦੀਆਂ ਨੂੰ ਗਿਣੇਗਾ, ਇਹ ਜਾਨਣ ਲਈ ਕਿ ਪੂਰਾ ਨੰਬਰ ਕੀ ਹੈ। ਵਕਤ ਦੇ ਨਾਲ ਉਹ ਆਪਣੇ-ਆਪ ਹੀ ਪਾਸੇ ਉੱਤੇ ਆਏ ਨੰਬਰ ਨੂੰ ਬਗ਼ੈਰ ਬਿੰਦੀਆਂ ਗਿਣੇ ਪਹਿਚਾਨਣਾ ਸ਼ੁਰੂ ਕਰ ਦੇਵੇਗਾ।
- ਆਪਣੇ ਬੱਚੇ ਦੇ ਨਾਲ ਔਨਲਾਈਨ ਨੰਬਰਾਂ ਵਾਲੀਆਂ ਖੇਡਾਂ ਖੇਡੋ। ਔਨਲਾਈਨ ਸਰੋਤਾਂ ਨੂੰ ਲੱਭਣਾ ਸ਼ੁਰੂ ਕਰਨ ਵਿੱਚ ਤੁਹਾਡੀ ਮੱਦਦ ਕਰਨ ਲਈ ਇੱਥੇ ਕੁੱਝ ਵਧੀਆ ਵੈੱਬਸਾਈਟਾਂ ਦੱਸੀਆਂ ਗਈਆਂ ਹਨ:
  - https://fuse.education.vic.gov.au (select Early Childhood or Primary Students tabs)
  - http://education.abc.net.au
  - http://www.abc.net.au/countusin
  - http://www.ictgames.com/resources.html



## ਆਕਾਰਾਂ ਨਾਲ ਖੇਡਣਾ

**ਆਕਾਰਾਂ ਨਾਲ ਖੇਡਣਾ ਤੁਹਾਡੇ ਬੱਚੇ ਦੀ ਵੱਖ-ਵੱਖ ਆਕਾਰਾਂ ਬਾਰੇ ਜਾਗਰੂਕਤਾ ਵਿਕਸਿਤ ਕਰਨ ਵਿੱਚ ਮੱਦਦ ਕਰਦਾ ਹੈ। ਇਹ ਉਹਨਾਂ ਦੇ ਹੱਥ-ਅੱਖਾਂ ਦੇ ਤਾਲਮੇਲ ਵਿੱਚ ਵੀ ਸੁਧਾਰ ਕਰਦਾ ਹੈ। ਇੱਥੇ ਕੁੱਝ ਸੁਝਾਅ ਅਤੇ ਗਤੀਵਿਧੀਆਂ ਦੱਸੀਆਂ ਗਈਆਂ ਹਨ:**

- ਜਿਗਸਾ ਬੁਝਾਰਤਾਂ, ਟੈਂਗ੍ਰਾਮ ਜਾਂ ਆਕਾਰ ਦੇ ਅਧਾਰ 'ਤੇ ਛਾਂਟੀ ਕੀਤੇ ਜਾਣ ਵਾਲੇ ਖਿਡੌਣੇ ਤੁਹਾਡੇ ਬੱਚੇ ਨੂੰ ਸਮੱਸਿਆ ਹੱਲ ਕਰਨ ਦੇ ਹੁਨਰ ਅਤੇ ਸਥਾਨਕ ਜਾਗਰੂਕਤਾ ਸਿਖਾਉਣ ਵਿੱਚ ਮੱਦਦ ਕਰਦੇ ਹਨ।
- ਆਕਾਰਾਂ ਵਿਚਕਾਰ ਸਮਾਨਤਾਵਾਂ ਅਤੇ ਅੰਤਰਾਂ ਨੂੰ ਨਾਮ ਦਿਓ ਅਤੇ ਪਤਾ ਲਗਾਓ। ਉਦਾਹਰਨ ਲਈ, ਗੋਲਾਈ, ਕੋਨਿਆਂ ਜਾਂ ਕਿਨਾਰਿਆਂ ਵਾਲੇ ਆਕਾਰ।
- ਆਪਣੇ ਬੱਚੇ ਨੂੰ ਆਕਾਰ ਬਣਾਉਣ ਵਿੱਚ ਮੱਦਦ ਕਰੋ, ਉਹਨਾਂ ਨੂੰ ਕੱਟੋ ਅਤੇ ਉਹਨਾਂ ਨੂੰ ਸਮੂਹਾਂ ਵਿੱਚ ਛਾਂਟੋ। ਆਪਣੇ ਬੱਚੇ ਨੂੰ ਇਹ ਦੱਸਣ ਲਈ ਕਹੋ ਕਿ ਉਸਨੇ ਆਕਾਰਾਂ ਨੂੰ ਇਸ ਤਰ੍ਹਾਂ ਕਿਉਂ ਛਾਂਟਿਆ ਹੈ।
- ਵੱਖ-ਵੱਖ ਆਕਾਰਾਂ ਬਾਰੇ ਜਾਨਣ ਲਈ, ਕਲੇ ਮਿੱਟੀ (Playdough) ਦੀ ਵਰਤੋਂ ਕਰਦੇ ਹੋਏ, ਕੂਕੀ ਕਟਰ ਦੀ ਵਰਤੋਂ ਕਰੋ। ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਆਪਣੇ ਰੋਜ਼ਮਰਾ ਦੇ ਜੀਵਨ ਵਿੱਚ ਆਕਾਰਾਂ ਨੂੰ ਪਹਿਚਾਨਣ ਜਿਵੇਂ ਕਿ ਗੋਲ ਬਾਲ, ਚੌਰਸ ਖਿੜਕੀ ਜਾਂ ਛੇ ਕੋਨਿਆਂ ਵਾਲਾ 'ਸਟੌਪ' ਦਾ ਸਾਈਨ।
- ਇਕੱਠੇ ਮਿਲ ਕੇ ਕਾਗਜ਼ ਦੇ ਜਹਾਜ਼ ਬਨਾਉਣਾ, ਗਣਿਤ ਦੇ ਕਈ ਸਿਧਾਂਤਾਂ ਨੂੰ ਜੋੜਦਾ ਹੈ, ਜਿਸ ਵਿੱਚ ਕੋਣ, ਆਕਾਰ, ਅੱਧ ਕਰਨਾ ਅਤੇ ਸਮਰੂਪਤਾ ਸ਼ਾਮਲ ਹੈ। ਇੱਕ ਵਾਰ ਜਦ ਇਹ ਪੂਰਾ ਹੋ ਜਾਵੇ, ਤਾਂ ਤੁਸੀਂ ਤੁਲਨਾ ਕਰ ਸਕਦੇ ਹੋ ਕਿ ਕਿਹੜਾ ਜਹਾਜ਼ ਸਭ ਤੋਂ ਦੂਰ ਤੱਕ ਉੱਡਿਆ ਹੈ ਅਤੇ ਇਹ ਮਾਪਣ ਦੌਰਾਨ ਮਸਤੀ ਵੀ ਕਰ ਸਕਦੇ ਹੋ।
- ਟਾਵਰ ਬਣਾਉਣ ਲਈ ਬਿਲਡਿੰਗ ਬਲਾਕਾਂ ਦੀ ਵਰਤੋਂ ਕਰੋ। ਓਨ੍ਹੇ ਹੀ ਬਲਾਕਾਂ ਦੀ ਗਿਣਤੀ ਦੀ ਵਰਤੋਂ ਕਰਦੇ ਹੋਏ, ਆਪਣੇ ਬੱਚੇ ਨੂੰ ਇੱਕ ਹੋਰ ਟਾਵਰ ਬਣਾਉਣ ਲਈ ਕਹੋ ਜੋ ਪਹਿਲੇ ਟਾਵਰ ਤੋਂ ਵੱਖਰਾ ਹੋਵੇ।

## ਪੈਟਰਨ ਬਣਾਉਣਾ

**ਇੱਕੋ ਰੂਪ-ਰਚਨਾ ਵਾਲੀਆਂ ਚੀਜ਼ਾਂ ਨੂੰ ਪਛਾਨਣਾ ਅਤੇ ਬਨਾਉਣਾ ਗਣਿਤ ਦੇ ਮਹੱਤਵਪੂਰਨ ਹੁਨਰ ਹਨ ਜਿਨ੍ਹਾਂ ਨਾਲ ਨੰਬਰਾਂ, ਆਕਾਰਾਂ ਅਤੇ ਸਮਰੂਪਤਾ ਬਾਰੇ ਜਾਣਿਆ ਜਾ ਸਕਦਾ ਹੈ। ਇਨ੍ਹਾਂ ਗਤੀਵਿਧੀਆਂ ਵਿੱਚ ਸ਼ਾਮਿਲ ਹਨ:**

- ਕੱਪੜਿਆਂ, ਰੈਪਿੰਗ ਪੇਪਰ, ਇਮਾਰਤਾਂ, ਕਰੌਕਰੀ (ਭਾਂਡਿਆਂ), ਕਾਰਡ ਅਤੇ ਫਰਨੀਚਰ 'ਤੇ ਨਜ਼ਰ ਆਉਣ ਵਾਲੇ ਪੈਟਰਨ ਦੀ ਪਛਾਣ ਕਰਨਾ ਅਤੇ ਸਮਝਾਉਣਾ। ਕਲਾ ਅਤੇ ਸ਼ਿਲਪਕਾਰੀ ਦੌਰਾਨ ਵਿਚਾਰਾਂ ਨੂੰ ਮੁੜ-ਦੇਖਣ ਲਈ ਇੱਕ ਸਕ੍ਰੈਪਬੁੱਕ ਬਣਾਓ।
- ਆਪਣੇ ਬੱਚੇ ਨੂੰ ਇਹ ਕਰਨਾ ਜਾਰੀ ਰੱਖਣ ਲਈ ਇੱਕ ਪੈਟਰਨ ਸ਼ੁਰੂ ਕਰਨ ਲਈ ਰੰਗਦਾਰ ਕੱਪੜਿਆਂ ਵਾਲੀਆ ਚੁੱਟਕਣੀਆਂ, ਬਲਾਕਾਂ, ਮਣਕਿਆਂ ਜਾਂ ਕਟਲਰੀ ਦੀ ਵਰਤੋਂ ਕਰੋ। ਇੱਕ ਵਾਰ ਭਰੋਸਾ ਹੋ ਜਾਣ 'ਤੇ, ਉਹਨਾਂ ਨੂੰ ਤੁਹਾਡੀ ਨਕਲ ਕਰਨ ਲਈ ਕਹੋ ਜਾਂ ਉਨ੍ਹਾਂ ਨੂੰ ਆਪਣਾ ਖੁਦ ਦਾ ਇੱਕ ਪੈਟਰਨ ਬਣਾਉਣ ਲਈ ਕਹੋ।
- ਤਾਲ ਵਿੱਚ ਕੁੱਝ ਪੈਟਰਨਾਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕਰੋ। ਤਾੜੀਆਂ ਵਜਾਉਣ ਦਾ ਪੈਟਰਨ ਬਣਾਓ ਅਤੇ ਆਪਣੇ ਬੱਚੇ ਨੂੰ ਨਕਲ ਕਰਨ ਲਈ ਕਹੋ ਅਤੇ ਫਿਰ ਆਪਣਾ ਪੈਟਰਨ ਬਣਾਉਣ ਲਈ ਕਹੋ।
- ਆਪਣੇ ਬੱਚੇ ਨੂੰ ਆਪਣੇ ਪੈਟਰਨ ਉਲੀਕਣ, ਬਣਾਉਣ ਅਤੇ ਵਰਣਨ ਕਰਨ ਲਈ ਉਤਸ਼ਾਹਿਤ ਕਰੋ। ਗ੍ਰੀਟਿੰਗ ਕਾਰਡਾਂ 'ਤੇ ਬਾਰਡਰ ਬਣਾਉਣ ਲਈ ਉਹਨਾਂ ਦੀ ਵਰਤੋਂ ਕਰੋ।

## ਗਣਿਤ ਦੇ ਨਾਲ ਚੱਲਣਾ

**ਇਹ ਵਿਚਾਰ ਗਿਣਤੀ ਦਾ ਅਨੁਭਵ ਕਰਨ ਲਈ ਸਰੀਰ ਦੇ ਹਿੱਲਣ-ਚੱਲਣ ਦੀ ਵਰਤੋਂ ਕਰਦੇ ਹਨ:**

- ਜਦ ਤੁਸੀਂ ਖੇਡ ਰਹੇ ਹੋਵੋ ਤਾਂ ਗੇਂਦ ਦੇ ਹਰ ਇੱਕ ਠੱਪੇ ਨੂੰ ਗਿਣੋ।
- ਅਨੁਮਾਨ ਲਗਾਉ ਕਿ … ਤੱਕ ਪਹੁੰਚਣ ਦੇ ਲਈ ਕਿੰਨੀਆਂ ਛਲਾਂਗਾਂ ਲੱਗਣਗੀਆਂ, ਇਸ ਤੋਂ ਬਾਅਦ ਇਹ ਕਿ …ਤੱਕ ਪਹੁੰਚਣ ਦੇ ਲਈ ਕਿੰਨੀਆਂ ਛਲਾਂਗਾਂ ਲੱਗਦੀਆਂ ਹਨ।
- ਆਪਣੇ ਬੱਚੇ ਦੇ ਨਾਲ ਪੌੜੀਆਂ ਚੜ੍ਹਦੇ ਵੇਲੇ, ਜਾਂ ਪਾਰਕ ਦੇ ਬੈਂਚ ਤੋਂ ਲੈ ਕੇ ਝੂਲੇ ਤੱਕ ਚਲਦੇ ਹੋਏ ਗਿਣਤੀ ਕਰੋ।
- ਆਪਣੇ ਬੱਚੇ ਨੂੰ ਕਹੋ ਕਿ ਆਪਣੇ ਕਿਸੇ ਦੋਸਤ ਦੇ ਨਾਲ ਮਿਲ ਕੇ see-saw ਦੇ ਝੂਲੇ ਉੱਤੇ ਆਪਣੇ ਭਾਰ ਦੇ ਨਾਲ ਸੰਤੁਲਨ ਬਨਾਉਣ ਦੇ ਤਰੀਕੇ ਲੱਭਣ।
- ਅਜਿਹੇ ਤੁਕਾਂਤ ਅਤੇ ਗਾਣੇ ਗਾਉ ਜਿਨ੍ਹਾਂ ਵਿੱਚ ਰੱਸੀ ਕੁੱਦਦੇ ਹੋਏ ਗਿਣਤੀ ਕਰਨਾ ਸ਼ਾਮਿਲ ਹੋਵੇ।

## ਚੀਜ਼ਾਂ ਨੂੰ ਮਾਪਣਾ

**ਤੁਹਾਡੇ ਬੱਚੇ ਦੀ ਗਣਿਤ ਦੀ ਸਮਝ ਦੇ ਵਿੱਚ ਮਾਪ ਅਤੇ ਸਕੇਲ ਬਹੁਤ ਹੀ ਮਹੱਤਵਪੂਰਨ ਹਨ। ਇੱਥੇ ਕੁੱਝ ਸੁਝਾਅ ਅਤੇ ਗਤੀਵਿਧੀਆਂ ਦਿੱਤੀਆਂ ਗਈਆਂ ਹਨ:**

- ਪਰਿਵਾਰ ਦੇ ਲੋਕਾਂ ਦੀ ਲੰਬਾਈ ਮਾਪਣ ਦੇ ਲਈ ਕੰਧ ਉੱਤੇ ਇੱਕ ਮਾਪਣ ਵਾਲੇ ਚਾਰਟ ਦੀ ਵਰਤੋਂ ਕਰੋ।
- ਆਪਣੇ ਬੱਚੇ ਨਾਲ ਉਹਨਾਂ ਦੇ ਆਲੇ-ਦੁਆਲੇ ਦੀਆਂ ਵਸਤੂਆਂ ਬਾਰੇ ਗੱਲ ਕਰੋ ਅਤੇ ਉਹਨਾਂ ਦੀ ਇਹ ਫ਼ੈਸਲਾ ਕਰਨ ਵਿੱਚ ਮੱਦਦ ਕਰੋ ਕਿ ਕਿਹੜੀ ਚੀਜ਼ ਵੱਡੀ ਹੈ ਜਾਂ ਛੋਟੀ, ਲੰਬੀ ਹੈ ਜਾਂ ਮੱਧਰੀ।
- ਆਪਣੇ ਬੱਚੇ ਦੇ ਲਈ ਕਿਸੇ ਧਾਗੇ ਦਾ ਕੁੱਝ ਹਿੱਸਾ ਕੱਟ ਲਉ – ਕਿਸੇ ਵੀ ਲੰਬਾਈ ਦਾ ਹੋਵੇ। ਉਸ ਧਾਗੇ ਦਾ ਵਰਤੋਂ ਘਰ ਦੀਆਂ ਵਸਤੁਆਂ ਨਾਪਣ ਦੇ ਲਈ ਕਰੋ, ਇਹ ਜਾਨਣ ਦੇ ਲਈ ਕਿ ਤੁਹਾਡੀ 'ਧਾਗੇ ਦੀ ਮਾਪਣ ਵਾਲੀ ਟੇਪ' ਨਾਲੋਂ ਕਿਹੜੀਆਂ ਚੀਜ਼ਾਂ ਲੰਬੀਆਂ ਹਨ ਅਤੇ ਕਿਹੜੀਆਂ ਛੋਟੀਆਂ। ਆਪਣੇ ਬੱਚੇ ਨੂੰ ਕਹੋ ਕਿ ਕੋਈ ਵੀ ਅਜਿਹੀ ਚੀਜ਼ ਦੀ ਪਛਾਣ ਕਰੇ ਜੋ ਕਿ ਬਿਲਕੁਲ ਉਸ ਦੀ ਲੰਬਾਈ ਦੀ ਹੈ।
- ਮਾਪਣ ਦੇ ਹੋਰ ਤਰੀਕਿਆਂ ਦੀ ਖੋਜ ਕਰਨ ਦੀ ਕੋਸ਼ਿਸ਼ ਕਰੋ, ਜਿਵੇਂ ਕਿ ਕੱਪ, ਜੱਗ, ਛੋਟੇ ਚਮਚੇ, ਡੱਕੇ ਵਾਲੀ ਆਈਸਕ੍ਰੀਮ, ਪੈਰਾਂ ਦੇ ਨਿਸ਼ਾਨ ਜਾਂ ਹੱਥਾਂ ਦੀ ਲੰਬਾਈ।
- ਬਲਾਕਾਂ ਦਾ ਇੱਕ ਟਾਵਰ ਬਣਾਉਣ ਵਿੱਚ ਆਪਣੇ ਬੱਚੇ ਦੀ ਮੱਦਦ ਕਰੋ ਜੋ ਇੱਕ ਮਨਪਸੰਦ ਖਿਡੌਣੇ ਨਾਲੋਂ ਉੱਚਾ ਹੋਵੇ। ਟਾਵਰ ਦੀ ਉਚਾਈ ਨੂੰ ਮਾਪਣ ਲਈ ਆਪਣੇ ਬੱਚੇ ਨੂੰ ਕੁੱਲ ਬਲਾਕਾਂ ਦੀ ਗਿਣਤੀ ਕਰਨ ਲਈ ਕਹੋ।
- ਅੰਦਾਜ਼ਾ ਲਗਾਉ ਅਤੇ ਮਾਪੋ ਕਿ ਕੌਣ ਸਭ ਤੋਂ ਦੂਰ ਤੱਕ ਛਲਾਂਗ ਲਗਾ ਸਕਦਾ ਹੈ, ਜਾਂ ਕੌਣ ਇੱਕ ਪੈਰ ਦੇ ਉੱਪਰ ਜ਼ਿਆਦਾ ਦੇਰ ਤੱਕ ਖੜ੍ਹਾ ਰਹਿ ਸਕਦਾ ਹੈ, ਜਾਂ ਕਿੰਨੇ ਬਟਨ ਕਿਸੇ ਮਰਤਬਾਨ ਨੂੰ ਭਰ ਸਕਦੇ ਹਨ।
- ਵੱਖ-ਵੱਖ ਬਰਤਨ ਕਿੰਨੇ ਆਕਾਰ ਦੇ ਹਨ ਇਸ ਬਾਰੇ ਜਾਨਣ ਦੀ ਕੋਸ਼ਿਸ਼ ਕਰਨ ਦੇ ਲਈ ਉਨ੍ਹਾਂ ਅੰਦਰ ਚੀਜ਼ਾਂ ਪਾਉ ਜਾਂ ਭਰੋ। ਅੰਦਾਜ਼ਾ ਲਗਾਉ, ਇਸ ਤੋਂ ਬਾਅਦ ਵੇਖੋ ਕਿ ਕਿਹੜਾ ਬਰਤਨ ਆਪਣੇ ਅੰਦਰ ਜ਼ਿਆਦਾ ਅਤੇ ਕਿਹੜਾ ਘੱਟ ਸਮਾ ਸਕਦਾ ਹੈ।
- ਮੌਸਮ ਦੇ ਵਿੱਚ ਹੋ ਰਹੇ ਬਦਲਾਵ ਅਤੇ ਦਿਨ ਦਾ ਕਿਹੜਾ ਵੇਲਾ ਹੈ, ਇਸ ਦੇ ਵੱਲ ਧਿਆਨ ਦਿਉ। ਕਿਸੇ ਪੁਰਾਣੀ ਬੋਤਲ ਦਾ ਵਰਤੋਂ ਕਰਦੇ ਹੋਏ ਮੀਂਹ ਮਾਪਣ ਦਾ ਇੱਕ ਜੰਤਰ (rain gauge) ਬਣਾਉ, ਜਿਸ ਦੇ ਨਾਲ ਮਾਪੋ ਅਤੇ ਜਾਂਚ ਕਰੋ ਕਿ ਕਿੰਨਾਂ ਮੀਂਹ ਪੈ ਰਿਹਾ ਹੈ।

## ਛਾਨ-ਬੀਨ ਕਰਨ ਲਈ ਸਵਾਲ ਪੁੱਛਣਾ

**ਆਪਣੇ ਬੱਚੇ ਨੂੰ ਗਣਿਤ ਦੀ ਛਾਨ-ਬੀਨ ਕਰਨ ਦੇ ਲਈ ਉਤਸ਼ਾਹਿਤ ਕਰਨ ਦੇ ਲਈ ਇਸ ਤਰੀਕੇ ਦੇ ਸਵਾਲ ਪੁੱਛੋ:**

- ਤੁਸੀਂ ਕਿਹੜੇ ਆਕਾਰ ਦੇਖ ਸਕਦੇ ਹੋ?
- … ਨੂੰ ਤੁਸੀਂ ਕਿਵੇਂ ਮਾਪੋਗੇ?
- ਅੱਧ ਨੂੰ ਅਸੀਂ ਕਿਵੇਂ ਲੱਭਾਂਗੇ?
- … ਨੂੰ ਸਾਂਝਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ?
- ਮੈਂ … ਤੋਂ … ਤੱਕ ਕਿਵੇਂ ਜਾ ਸਕਦਾ/ਸਕਦੀ ਹਾਂ?
- ਕੀ ਜ਼ਿਆਦਾ ਨੇੜੇ ਹੈ: ਸੈਂਡਪਿੱਟ ਜਾਂ ਝੂਟਾ?
- ਤੁਸੀਂ ਇੱਕ ਮੀਨਾਰ ਨੂੰ ਕਿੰਨਾਂ ਉੱਚਾ ਬਣਾ ਸਕਦੇ ਹੋ ਇਸ ਤੋਂ ਪਹਿਲਾਂ ਕਿ ਉਹ ਡਿੱਗ ਜਾਵੇ?

## ਇਕੱਠੇ ਮਿਲਕੇ ਦੇਖਣ ਲਈ ਐਨੀਮੇਸ਼ਨ

- Everyday Maths Animations ਪਰਿਵਾਰਾਂ ਨੂੰ ਗਣਿਤ ਬਾਰੇ ਹੋਰ ਜਾਣਨ ਲਈ ਉਤਸ਼ਾਹਿਤ ਕਰਦੇ ਹਨ ਜਦੋਂ ਉਹ ਰੋਜ਼ਾਨਾ ਦੇ ਹਲਾਤਾਂ ਵਿੱਚ ਇਕੱਠੇ ਚੱਲਦੇ, ਗੱਲ ਕਰਦੇ ਅਤੇ ਖੇਡਦੇ ਹਨ। ਤਿੰਨ ਐਨੀਮੇਸ਼ਨਾਂ ਦਾ ਸੈੱਟ ਗਣਿਤ ਅਤੇ ਅੰਕ-ਗਿਆਨ ਨੂੰ ਘਰ, ਸੁਪਰਮਾਰਕੀਟ ਅਤੇ ਬਾਹਰ ਮਨੋਰੰਜਕ ਥਾਵਾਂ 'ਤੇ ਗੱਲਬਾਤ ਵਿੱਚ ਲਿਆਉਣ ਲਈ ਪਰਿਵਾਰਾਂ ਦੀ ਸਹਾਇਤਾ ਕਰਦਾ ਹੈ।
  https://fuse.education.vic.gov.au/?WSC2SM
- Mathscots (ਮੈਥਸਕੌਟਸ) ਐਨੀਮੇਸ਼ਨ ਲੜੀ ਨੂੰ ਪਰਿਵਾਰਾਂ ਦੀ ਅੰਕ-ਗਿਆਨ ਵਿੱਚ ਸ਼ਾਮਲ ਹੋਣ ਵਿੱਚ ਸਹਾਇਤਾ ਕਰਨ ਅਤੇ ਗਣਿਤ ਸਿੱਖਿਆ ਦੇ ਆਲੇ-ਦੁਆਲੇ ਘਰ-ਸਕੂਲ ਕਨੈਕਸ਼ਨ ਬਣਾਉਣ ਲਈ ਤਿਆਰ ਕੀਤਾ ਗਿਆ ਹੈ। ਸ਼ੁਰੂਆਤੀ ਐਪੀਸੋਡ ਤੋਂ ਬਾਅਦ, ਇੱਥੇ 9 ਵੱਖੋ-ਵੱਖਰੇ ਐਪੀਸੋਡ ਹਨ (ਹਰੇਕ ਐਪੀਸੋਡ ਇੱਕ ਤੋਂ ਦੋ ਮਿੰਟ ਦੇ ਵਿਚਕਾਰ ਹੈ)। ਲੰਬੇ ਚੱਲਣ ਵਾਲੇ ਸੰਸਕਰਣਾਂ ਵਿੱਚ ਪਰਿਵਾਰਾਂ ਨੂੰ ਦਿਖਾਏ ਜਾ ਰਹੇ ਗਣਿਤ ਬਾਰੇ ਗੱਲ ਕਰਨ ਲਈ ਉਤਸ਼ਾਹਿਤ ਕਰਨ ਲਈ ਇਸ਼ਾਰਿਆਂ ਅਤੇ ਸਵਾਲਾਂ ਦੇ ਨਾਲ-ਨਾਲ ਵੀਡੀਓ ਦੇ ਵਿੱਚ ਹੀ ਬ੍ਰੇਕ ਦਿੱਤੇ ਗਏ ਹਨ। ਅਜਿਹੀਆਂ ਗਤੀਵਿਧੀਆਂ ਵੀ ਸੁਝਾਈਆਂ ਗਈਆਂ ਹਨ ਜਿਨ੍ਹਾਂ ਨੂੰ ਪਰਿਵਾਰ ਐਪੀਸੋਡ ਦੇਖਣ ਤੋਂ ਬਾਅਦ ਖੋਜਣਾ ਪਸੰਦ ਕਰ ਸਕਦੇ ਹਨ।
  https://fuse.education.vic.gov.au/pages/mathscots



# ਸਾਲ 3 ਤੋਂ ਸਾਲ 6

# ਸਾਖਰਤਾ

**ਪੜ੍ਹਨ ਦੇ ਪਹਿਲੇ ਕੁੱਝ ਸਾਲ ਤੁਹਾਡੇ ਬੱਚੇ ਦੇ ਲਈ ਇੱਕ ਬਹੁਤ ਹੀ ਸ਼ਾਨਦਾਰ ਵਕਤ ਹੁੰਦਾ ਹੈ। ਕਿਤਾਬਾਂ ਉਨ੍ਹਾਂ ਨੂੰ ਨਵੇਂ ਵਿਚਾਰਾਂ ਅਤੇ ਨਵੀਂ ਦੁਨੀਆਂ ਦੇ ਨਾਲ ਵਾਹ ਪਵਾਉਂਦੀਆਂ ਹਨ, ਅਤੇ ਉਨ੍ਹਾਂ ਦੀ ਕਲਪਨਾ ਸ਼ਕਤੀ ਵੱਧਦੀ ਹੈ।**

ਪੜ੍ਹਨ ਦੇ ਬਾਰੇ ਸਕਾਰਾਤਮਕ ਰਵੱਈਏ ਦੇ ਨਾਲ ਗੱਲ ਕਰੋ ਤਾਂ ਜੋ ਤੁਹਾਡਾ ਬੱਚਾ ਉਸ ਦੀ ਮਹੱਤਤਾ ਜਾਣ ਸਕੇ। ਆਪਣੇ ਬੱਚੇ ਦੇ ਨਾਲ ਵੱਧ ਤੋਂ ਵੱਧ ਪੜ੍ਹਨਾ ਜਾਰੀ ਰੱਖੋ। ਜਦੋਂ ਉਹ ਆਤਮ-ਵਿਸ਼ਵਾਸ ਮਹਿਸੂਸ ਕਰਨ, ਉਨ੍ਹਾਂ ਨੂੰ ਉਤਸ਼ਾਹਿਤ ਕਰੋ ਕਿ ਉਹ ਪੜ੍ਹਨ ਦੇ ਕੁੱਝ ਹਿੱਸੇ ਦਾ, ਜਾਂ ਸਾਰੇ ਹਿੱਸੇ ਨੂੰ ਪੜ੍ਹਨ ਦਾ ਕਾਰਜਕਾਰ ਸੰਭਾਲਣ। ਜਦੋਂ ਉਹ ਪੜ੍ਹ ਰਹੇ ਹੋਣ ਤਾਂ ਹਮੇਸ਼ਾਂ ਧੀਰਜ ਰੱਖੋ ਅਤੇ ਤੇਜ਼ੀ ਦੇ ਉੱਤੇ ਜ਼ੋਰ ਨਾ ਦੇਣ ਦੀ ਕੋਸ਼ਿਸ਼ ਕਰੋ। ਆਪ ਵੀ ਜਿੰਨਾ ਜ਼ਿਆਦਾ ਤੋਂ ਜ਼ਿਆਦਾ ਹੋ ਸਕੇ ਪੜ੍ਹੋ, ਤਾਂ ਜੋ ਆਪਣੇ ਬੱਚੇ ਦੇ ਸਾਹ੍ਮਣੇ ਪੜ੍ਹਨ ਦੀ ਇੱਕ ਮਿਸਾਲ ਰੱਖ ਸਕੋ।

ਇਹ ਸਾਲ ਉਹ ਸਮਾਂ ਹੁੰਦੇ ਹਨ ਜਦੋਂ ਤੁਹਾਡਾ ਬੱਚਾ ਦੁਨੀਆਂ ਬਾਰੇ ਹੋਰ ਸਿੱਖੇਗਾ। ਉਹਨਾਂ ਨੂੰ ਵਿਚਾਰ-ਵਟਾਂਦਰੇ ਵਿੱਚ ਸ਼ਾਮਲ ਕਰਨ ਨਾਲ ਉਹਨਾਂ ਦੇ ਬੋਲਣ ਦੇ ਹੁਨਰ ਵਿੱਚ ਸੁਧਾਰ ਹੁੰਦਾ ਹੈ, ਅਤੇ ਉਹਨਾਂ ਨੂੰ ਸੰਸਾਰ ਅਤੇ ਇਸ ਵਿੱਚ ਉਹਨਾਂ ਦੇ ਸਥਾਨ ਨੂੰ ਸਮਝਣ ਵਿੱਚ ਮੱਦਦ ਮਿਲਦੀ ਹੈ।

ਇਨ੍ਹਾਂ ਸਾਲਾਂ ਦੇ ਵਿੱਚ ਤੁਹਾਡਾ ਬੱਚਾ ਵਧੇਰੇ ਆਤਮ-ਵਿਸ਼ਵਾਸ ਦੇ ਨਾਲ ਲਿਖਣਾ ਵੀ ਸ਼ੁਰੂ ਕਰਦਾ ਹੈ। ਵਧੀਆ ਲਿਖ ਪਾਣ ਦੀ ਕਾਬਲੀਅਤ ਤੁਹਾਡੇ ਬੱਚੇ ਨੂੰ ਪ੍ਰਭਾਵਸ਼ਾਲੀ ਢੰਗ ਦੇ ਨਾਲ ਗੱਲ ਕਰ ਪਾਉਣ ਦੇ ਯੋਗ ਬਣਾਉਂਦੀ ਹੈ ਅਤੇ ਸਕੂਲ ਅਤੇ ਉਨ੍ਹਾਂ ਦੇ ਭਵਿੱਖ ਦੇ ਪੇਸ਼ੇਆਂ ਵਿੱਚ ਸਫ਼ਲਤਾ ਮਿਲਣ ਦੀ ਸੰਭਾਵਨਾ ਵਿੱਚ ਵੀ ਸੁਧਾਰ ਕਰਦੀ ਹੈ। ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਵੱਖ-ਵੱਖ ਵਿਸ਼ਿਆਂ ਅਤੇ ਰੁਝਾਨਾਂ ਦੇ ਬਾਰੇ ਜ਼ਿਆਦਾ ਤੋਂ ਜ਼ਿਆਦਾ ਵਾਰ ਲਿਖਣ ਦੀ ਕੋਸ਼ਿਸ਼ ਕਰਨ।

ਸਾਖਰਤਾ ਹਮੇਸ਼ਾ ਹੀ ਮਨੋਰੰਜਕ ਅਤੇ ਰੁਝਾਉਪੂਰਕ ਹੋ ਸਕਦੀ ਹੈ। ਆਪਣੇ ਬੱਚਿਆਂ ਨੂੰ ਉਹ ਕਿਤਾਬਾਂ ਅਤੇ ਗਤੀਵਿਧੀਆਂ ਚੁਣ ਲੈਣ ਦਿਉ ਜੋ ਕਿ ਉਨ੍ਹਾਂ ਦੀ ਦਿਲਚਸਪੀ ਦੇ ਨਾਲ ਮੇਲ ਖਾਂਦੀਆਂ ਹਨ ਅਤੇ ਹਮੇਸ਼ਾ ਹੀ ਹਰ ਇੱਕ ਗਤੀਵਿਧੀ ਅੰਦਰ ਮਸਤੀ ਅਤੇ ਖੇਡਣ ਦੀ ਇੱਕ ਤੰਦਰੁਸਤ ਖੁਰਾਕ ਨੂੰ ਉਤਸ਼ਾਹਿਤ ਕਰੋ। ਇਸ ਦੇ ਨਾਲ ਤੁਹਾਡੇ ਬੱਚੇ ਦੇ ਅੰਦਰ ਪੜ੍ਹਨ, ਬੋਲਣ ਅਤੇ ਲਿਖਣ ਦੇ ਲਈ ਪਿਆਰ ਦਾ ਵਿਕਾਸ ਹੋਵੇਗਾ।

# ਆਪਣੇ ਬੱਚੇ ਨੂੰ ਬੋਲਣ ਅਤੇ ਸੁਣਨ ਵਿੱਚ ਮੱਦਦ ਕਰਨਾ

## ਆਪਣੇ ਬੱਚੇ ਨਾਲ ਗੱਲ ਕਰਨਾ

ਜਿਵੇਂ-ਜਿਵੇਂ ਤੁਹਾਡਾ ਬੱਚਾ ਪ੍ਰਾਇਮਰੀ ਸਕੂਲ ਵਿੱਚੋਂ ਲੰਘਦਾ ਹੈ, ਉਹ ਵਧੇਰੇ ਰਵਾਨਗੀ ਨਾਲ ਅਤੇ ਸੰਸਾਰ ਬਾਰੇ ਵਧੇਰੇ ਗਿਆਨ ਨਾਲ ਗੱਲ ਕਰੇਗਾ।

**ਵਧੇਰੇ ਚੰਗੀ ਤਰ੍ਹਾਂ ਬੋਲਣ ਨੂੰ ਉਤਸ਼ਾਹਿਤ ਕਰਨ ਲਈ ਹੇਠਾਂ ਕੁੱਝ ਸੁਝਾਅ ਦਿੱਤੇ ਗਏ ਹਨ:**

- ਰੋਜ਼ਾਨਾ ਦੀਆਂ ਗਤੀਵਿਧੀਆਂ, ਜਿਵੇਂ ਕਿ ਕਰਿਆਨੇ ਦੀ ਖ਼ਰੀਦਦਾਰੀ, ਬਾਗਬਾਨੀ, ਖਾਣਾ ਬਣਾਉਣਾ, ਡਾਕ-ਬਾਕਸ ਤੋਂ ਡਾਕ ਕੱਢ ਕੇ ਲਿਆਉਣਾ, ਘਰ ਦਾ ਕੰਮ ਕਰਨਾ, ਅਤੇ ਕਾਰ ਜਾਂ ਬੱਸ ਵਿੱਚ ਸਫ਼ਰ ਕਰਨ ਆਦਿ ਬਾਰੇ ਚਰਚਾ ਕਰਦੇ ਸਮੇਂ ਆਪਣੇ ਬੱਚੇ ਨੂੰ ਸ਼ਾਮਲ ਕਰਨਾ ਜਾਰੀ ਰੱਖੋ।
- ਆਪਣੇ ਬੱਚੇ ਦੇ ਦਿਨ ਬਾਰੇ ਉਨ੍ਹਾਂ ਤੋਂ ਵਿਸ਼ੇਸ਼ ਸਵਾਲ ਪੁੱਛਣ ਦੀ ਕੋਸ਼ਿਸ਼ ਕਰੋ। ਇੱਕ ਆਮ ਸਵਾਲ ਅਜਿਹਾ ਹੁੰਦਾ ਹੈ ਕਿ ਜਿਵੇਂ "ਤੁਹਾਡਾ ਦਿਨ ਕਿਵੇਂ ਦਾ ਰਿਹਾ?" ਸੰਭਾਵਤ ਤੌਰ 'ਤੇ ਇਸਦਾ ਜਵਾਬ ਇੱਕ-ਸ਼ਬਦ ਦਾ ਮਿਲੇਗਾ ਕਿ "ਚੰਗਾ"। ਵਿਸ਼ੇਸ਼ ਸਵਾਲ ਪੁੱਛੋ ਜਿਵੇਂ "ਤੁਸੀਂ ਕਲਾਸ ਵਿੱਚ ਕਿਹੜੀ ਕਿਤਾਬ ਪੜ੍ਹ ਰਹੇ ਹੋ?" ਜਾਂ "ਤੁਸੀਂ ਅੱਜ ਦੁਪਹਿਰ ਦੇ ਖਾਣੇ ਵੇਲੇ ਕੀ ਕੀਤਾ?"
- ਦਿਨ ਵਿੱਚ ਹੋਈਆਂ ਘਟਨਾਵਾਂ ਜਾਂ ਮੌਜੂਦਾ ਘਟਨਾਵਾਂ ਬਾਰੇ ਤੁਹਾਡੇ ਵੱਲੋਂ ਕੀਤੀ ਜਾ ਰਹੀ ਚਰਚਾ ਦੇ ਵਿੱਚ ਆਪਣੇ ਬੱਚੇ ਨੂੰ ਸ਼ਾਮਲ ਕਰੋ। ਉਨ੍ਹਾਂ ਦੀ ਰਾਏ ਪੁੱਛੋ। ਇਸ ਨਾਲ ਉਨ੍ਹਾਂ ਨੂੰ ਵੱਖਰੇ ਦ੍ਰਿਸ਼ਟੀਕੋਣਾਂ ਨੂੰ ਸਮਝਣ ਵਿੱਚ ਮੱਦਦ ਮਿਲਦੀ ਹੈ ਅਤੇ ਉਨ੍ਹਾਂ ਦਾ ਸ਼ਬਦਕੋਸ਼ ਵੱਧਦਾ ਹੈ।
- ਬੱਚੇ ਨੂੰ ਜਵਾਬਾਂ ਨੂੰ ਵਿਸਤਾਰ ਵਿੱਚ ਦੇਣ ਲਈ ਉਤਸ਼ਾਹਿਤ ਕਰਨ ਲਈ ਸਧਾਰਨ ਇਸ਼ਾਰਿਆਂ ਦੀ ਵਰਤੋਂ ਕਰੋ, ਜਿਵੇਂ ਕਿ, "ਤੁਸੀਂ ਅਜਿਹਾ ਕਿਉਂ ਕਹਿ ਰਹੇ ਹੋ? ਉਸ ਤੋਂ ਬਾਅਦ ਕੀ ਹੋਇਆ? ਤੁਸੀਂ ਇਸ ਬਾਰੇ ਕੀ ਸੋਚਿਆ?"
- ਆਪਣੇ ਬੱਚੇ ਦੇ ਪੜ੍ਹਨ, ਲਿਖਣ ਅਤੇ ਹਰ ਤਰੀਕੇ ਦੀ ਲਿਖਤ ਨੂੰ ਵੇਖਣ ਦੇ ਵਿੱਚ ਸੱਚੀ ਦਿਲਚਸਪੀ ਵਿਖਾਉ। ਲਿਖਤ ਦੇ ਬਾਰੇ ਕੀਤੀਆਂ ਗੱਲਾਂ, ਅਰਥਪੂਰਨ ਚਰਚਾ ਨੂੰ ਪੈਦਾ ਕਰ ਸਕਦੀਆਂ ਹਨ ਅਤੇ ਤੁਹਾਡੇ ਬੱਚੇ ਲਈ ਇਨ੍ਹਾਂ ਨੂੰ ਇੱਕ ਮਹੱਤਵਪੂਰਣ ਚੀਜ਼ ਦੇ ਤੌਰ 'ਤੇ ਵੇਖਣ ਵਿੱਚ ਮੱਦਦ ਕਰਦੀਆਂ ਹਨ।
- ਸਕੂਲ ਵਿੱਚ ਤੁਹਾਡਾ ਬੱਚਾ ਜੋ ਵਿਸ਼ਿਆਂ ਬਾਰੇ ਪੜ੍ਹ ਰਿਹਾ ਹੈ, ਉਸ ਵਿੱਚ ਦਿਲਚਸਪੀ ਵਿਖਾਉ। ਇਹ ਚਰਚਾ ਵਿੱਚ ਸ਼ਾਮਿਲ ਹੋਣ ਦਾ ਇੱਕ ਸ਼ਾਨਦਾਰ ਸਹਾਰਾ ਬਣ ਸਕਦਾ ਹੈ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਆਪਣੀਆਂ ਰੋਜ਼ ਦੀਆਂ ਮੁਸ਼ਕਿਲਾਂ ਅਤੇ ਭਾਵਨਾਵਾਂ ਬਾਰੇ ਚਰਚਾ ਕਰੇ।
- ਦੂਸਰੇ ਲੋਕਾਂ ਦੀਆਂ ਭਾਵਨਾਂਵਾਂ ਬਾਰੇ ਜਾਨਣ ਦੇ ਲਈ ਚਰਚਾ ਅਤੇ ਸਵਾਲਾਂ ਦਾ ਵਰਤੋਂ ਕਰੋ। ਇਹ ਤੁਹਾਡੇ ਬੱਚੇ ਅੰਦਰ ਦੂਸਰਿਆਂ ਦੇ ਲਈ ਹਮਦਰਦੀ (ਏਮਪਟਹੇ) ਪੈਦਾ ਕਰਨ ਵਿੱਚ ਮੱਦਦ ਕਰੇਗਾ।
- ਆਪਣੇ ਬੱਚੇ ਦੇ ਅਨੁਭਵ ਅਤੇ ਸੰਸਾਰ ਬਾਰੇ ਉਸਦੇ ਗਿਆਨ ਨੂੰ ਵਧਾਉਣ ਲਈ ਸਵਾਲਾਂ ਅਤੇ ਚਰਚਾ ਦੀ ਵਰਤੋਂ ਕਰੋ, ਖ਼ਾਸ ਤੌਰ 'ਤੇ ਨਵੇਂ ਤਜ਼ਰਬੇ ਕਰਨ ਦੌਰਾਨ ਜਾਂ ਬਾਹਰ ਸੈਰ-ਸਪਾਟੇ 'ਤੇ ਜਾਣ ਵੇਲੇ।

## ਖਬਰਾਂ ਅਤੇ ਮੌਜੂਦਾ ਘਟਨਾਵਾਂ ਬਾਰੇ ਚਰਚਾ ਕਰਨਾ

ਜਿਵੇਂ-ਜਿਵੇਂ ਤੁਹਾਡਾ ਬੱਚਾ ਵੱਡਾ ਹੁੰਦਾ ਹੈ, ਉਹ ਖਬਰਾਂ ਅਤੇ ਮੌਜੂਦਾ ਹੋ ਰਹੀਆਂ ਘਟਨਾਵਾਂ ਬਾਰੇ ਜ਼ਿਆਦਾ ਜਾਨਣ ਲੱਗਦਾ ਹੈ। ਖਬਰਾਂ ਅਤੇ ਮੌਜੂਦਾ ਘਟਨਾਵਾਂ ਬਾਰੇ ਚਰਚਾ ਕਰਨ ਦੇ ਨਾਲ ਤੁਹਾਡਾ ਬੱਚਾ, ਦੁਨੀਆ ਦੇ ਬਾਰੇ ਸਮਝਣ ਦਾ ਧਨੀ ਬਣਦਾ ਹੈ।

ਸਵਾਲ ਕਰਨਾ ਇੱਕ ਅਸਰਦਾਰ ਤਰੀਕਾ ਹੈ ਜਿਸ ਦੇ ਨਾਲ ਤੁਹਾਡੇ ਬੱਚੇ ਨੂੰ ਕਿਸੇ ਘਟਨਾ ਦੇ ਬਾਰੇ ਗੰਭੀਰਤਾ ਦੇ ਨਾਲ ਸੋਚਣ ਦੇ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਅੰਦਰ ਹਮਦਰਦੀ ਨੂੰ ਉਜਾਗਰ ਕਰਨ ਦੇ ਵਿੱਚ ਮੱਦਦ ਮਿਲਦੀ ਹੈ। ਜਦੋਂ ਸਮਾਜਿਕ ਮੁੱਦਿਆਂ ਬਾਰੇ ਚਰਚਾ ਹੋ ਰਹੀ ਹੋਵੇ, ਤਾਂ ਸਵਾਲ, ਤੁਹਾਡੇ ਬੱਚੇ ਦੇ ਗਤੀ ਦੇ ਨਾਲ ਬੋਲਣ ਦਾ ਵਿਕਾਸ ਕਰਨ ਵਿੱਚ ਵੀ ਮੱਦਦ ਕਰਦੇ ਹਨ।

**ਕਿਸੇ ਖਬਰ ਵਿੱਚ ਵਾਪਰੀ ਕਹਾਣੀ ਜਾਂ ਮੌਜੂਦਾ ਘਟਨਾ ਦੀ ਚਰਚਾ ਦੇ ਵੇਲੇ ਤੁਸੀਂ ਜੋ ਸਵਾਲ ਪੁੱਛ ਸਕਦੇ ਹੋ, ਉਸ ਵਿੱਚ ਸ਼ਾਮਿਲ ਹਨ:**

- ਤੁਹਾਨੂੰ ਕੀ ਲੱਗਦਾ ਹੈ ਕਿਸ ਕਰਕੇ ਇਹ ਘਟਨਾ ਹੋਈ?
- ਤੁਹਾਨੂੰ ਕੀ ਲੱਗਦਾ ਹੈ ਇਸ ਦੇ ਨਾਲ ਲੋਕੀ ਕਿਵੇਂ ਪ੍ਰਭਾਵਿਤ ਹੋਣਗੇ?
- ਕੀ ਜੋ ਹੋਇਆ ਠੀਕ ਹੋਇਆ?
- ਤੁਹਾਡੇ ਵਿਚਾਰ ਵਿੱਚ ਲੋਕੀ ਇਸ ਤਰੀਕੇ ਦੇ ਨਾਲ ਕਿਉਂ ਸੋਚਦੇ / ਕਰਦੇ ਹਨ?
- ਕੀ ਇਸ ਖ਼ਬਰ ਦੀ ਰਿਪੋਰਟ ਦਾ ਕੋਈ ਹੋਰ ਪੱਖ ਹੋ ਸਕਦਾ ਹੈ?
- ਤੁਹਾਡੇ ਵਿਚਾਰ ਵਿੱਚ ਅੱਗੇ ਹੁਣ ਕੀ ਹੋਏਗਾ?
- ਇਹ ਸਮੱਸਿਆ ਕਿਸ ਤਰੀਕੇ ਦੇ ਨਾਲ ਸੁਲਝਾਈ ਜਾ ਸਕਦੀ ਹੈ?

**ਤੁਹਾਡੀ ਚਰਚਾ ਨੂੰ ਅੱਗੇ ਵਧਾਉਣ ਦੇ ਲਈ ਕੁੱਝ ਹੋਰ ਗਤੀਵਿਧੀਆਂ:**

- ਮੱਦਦ ਦੀ ਪੇਸ਼ਕਸ਼ ਕਰ ਰਹੇ ਲੋਕਾਂ ਜਾਂ ਸੰਸਥਾਵਾਂ ਦੀ ਭਾਲ ਕਰਕੇ ਬੱਚਿਆਂ ਨੂੰ ਬੁਰੀਆਂ ਜਾਂ ਦੁਖਦਾਈ ਖ਼ਬਰਾਂ ਵਿੱਚੋਂ ਚੰਗੀਆਂ ਗੱਲਾਂ ਲੱਭਣ ਲਈ ਉਤਸ਼ਾਹਿਤ ਕਰੋ, ਉਦਾਹਰਨ ਲਈ "ਇਸ ਘਟਨਾ ਵਿੱਚ ਕੌਣ ਸਹਾਇਕ ਹਨ?"
- ਵੱਖ-ਵੱਖ ਦ੍ਰਿਸ਼ਟੀਕੋਣ ਲੈਣ ਦੇ ਲਈ ਉਸੇ ਵਿਸ਼ੇ ਦੇ ਉੱਤੇ ਹੋਰ ਕਈ ਸਾਰੇ ਆਰਟੀਕਲ ਇਕੱਠੇ ਪੜ੍ਹੋ। ਫਿਰ ਉਨ੍ਹਾਂ ਵੱਖ-ਵੱਖ ਦ੍ਰਿਸ਼ਟੀਕੋਣਾਂ ਦੇ ਬਾਰੇ ਚਰਚਾ ਕਰੋ।
- ਕਿਸੇ ਵਿਸ਼ੇ ਦੇ ਉੱਤੇ ਬਹਿਸ ਕਰੋ, ਜਿਸ ਵਿੱਚ ਤੁਸੀਂ ਅਤੇ ਤੁਹਾਡਾ ਬੱਚਾ ਉਸ ਮੁੱਦੇ ਦੇ ਵੱਖ-ਵੱਖ ਪੱਖ ਉੱਤੇ ਬੋਲੇ।
- ਕਿਸੇ ਮੁੱਦੇ 'ਤੇ ਪੌਡਕਾਸਟ ਡਾਊਨਲੋਡ ਕਰੋ ਅਤੇ ਸੁਣੋ ਅਤੇ ਚਰਚਾ ਕਰੋ।
- ਵੱਖ-ਵੱਖ "ਇਹ ਹੋਇਆ ਤਾਂ ਕੀ ਹੋਏਗਾ" ਵਿਸ਼ਿਆਂ ਬਾਰੇ ਚਰਚਾ ਕਰੋ। ਇਹ ਤੁਹਾਡੇ ਬੱਚੇ ਦੀ ਸਮੱਸਿਆ ਸੁਲਝਾਉਣ ਅਤੇ ਕਲਪਨਾ ਦਾ ਵਿਕਾਸ ਕਰੇਗਾ।

ਬਹੁਤ ਸਾਰੀਆਂ ਖ਼ਬਰਾਂ ਬੱਚਿਆਂ ਲਈ ਪ੍ਰੇਸ਼ਾਨ ਕਰਨ ਜਾਂ ਉਲਝਣ ਵਾਲੀਆਂ ਹੋ ਸਕਦੀਆਂ ਹਨ। ਇਹ ਯਕੀਨੀ ਬਣਾਓ ਕਿ ਤੁਸੀਂ ਉਹਨਾਂ ਚੀਜ਼ਾਂ ਦੀ ਚੋਣ ਕਰਦੇ ਹੋ ਜੋ ਤੁਹਾਡੇ ਬੱਚੇ ਲਈ ਢੁੱਕਵੀਆਂ ਹਨ। ਇੱਥੇ ਕੁੱਝ ਸ਼ਾਨਦਾਰ ਪੋਡਕਾਸਟ ਅਤੇ ਔਨਲਾਈਨ ਪ੍ਰੋਗਰਾਮ ਉਪਲਬਧ ਹਨ ਜੋ ਖ਼ਬਰਾਂ ਨੂੰ ਉਮਰ-ਮੁਤਾਬਕ ਸਹੀ ਢੰਗ ਨਾਲ ਪੇਸ਼ ਕਰਦੇ ਹਨ:


- Kidsnews (ਕਿਡਜ਼ਨਿਊਜ਼):
  https://www.kidsnews.com.au
- Behind the News (ਬੀਹਾਈਂਡ ਦਾ ਨਿਊਜ਼):
  https://www.abc.net.au/btn
- Squiz Kids podcast (ਸਕੁਇਜ਼ ਕਿਡਜ਼ ਪੋਡਕਾਸਟ):
  https://www.squizkids.com.au
- ABC kids news podcast (ABC ਕਿਡਜ਼ ਨਿਊਜ਼ ਪੋਡਕਾਸਟ):
  https://www.abc.net.au/kidslisten/news-time



## ਆਪਣੇ ਬੱਚੇ ਨੂੰ ਪੜ੍ਹਨ ਵਿੱਚ ਮੱਦਦ ਕਰਨਾ

**ਪੜ੍ਹਨ ਦੇ ਲਈ ਉਤਸ਼ਾਹਿਤ ਕਰਨ ਦੇ ਇੱਥੇ ਕੁੱਝ ਸੁਝਾਅ ਦਿੱਤੇ ਗਏ ਹਨ:**

- ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਬਾਅਦ ਦੇ ਪ੍ਰਾਈਮਰੀ ਸਾਲਾਂ ਵਿੱਚ ਇਕੱਠੇ ਹੋ ਕੇ ਪੜ੍ਹਨਾ ਜਾਰੀ ਰੱਖੋ, ਭਾਵੇਂ ਤੁਹਾਡਾ ਬੱਚਾ ਸੁਤੰਤਰ ਤੌਰ 'ਤੇ ਪੜ੍ਹ ਰਿਹਾ ਹੈ।
- ਅਕਸਰ ਆਪਣੇ ਬੱਚੇ ਨੂੰ ਸਥਾਨਕ ਲਾਇਬ੍ਰੇਰੀ ਲੈ ਕੇ ਜਾਉ ਤਾਂ ਜੋ ਉਹ ਕਿਤਾਬਾਂ ਚੁਣ ਸਕਣ, ਉਧਾਰ ਤੇ ਲੈ ਸਕਣ ਅਤੇ ਰੀਨਿਊ (ਫਿਰ ਮੁੜ ਉਧਾਰ ਤੇ ਲੈਣਾ) ਕਰਵਾ ਸਕਣ। ਸਕੂਲ ਦੀਆਂ ਛੁੱਟੀਆਂ ਦੀ ਸ਼ੁਰੂਆਤ ਵੱਚਿ ਬੱਚਆਿਂ ਨੂੰ ਲਾਇਬ੍ਰੇਰੀ ਵਿੱਚ ਲੈ ਕੇ ਜਾਣਾ ਕਈ ਹਫ਼ਤਆਿਂ ਲਈ ਆਤਮ-ਨਰਿਭਰ ਹੋ ਕੇ ਪੜ੍ਹਨ ਨੂੰ ਉਤਸ਼ਾਹਤਿ ਕਰਦਾ ਹੈ।
- ਸ਼ਿਲਪਕਾਰੀ ਜਾਂ ਗਤੀਵਿਧੀ ਦੇ ਵਿਸ਼ਿਆਂ 'ਤੇ ਗੈਰ-ਕਾਲਪਨਿਕ ਕਿਤਾਬਾਂ ਲੱਭੋ ਜੋ ਤੁਹਾਡੇ ਬੱਚੇ ਨੂੰ ਪਸੰਦ ਹਨ। ਜ਼ਿਆਦਾਤਰ ਲਾਇਬ੍ਰੇਰੀਆਂ ਵਿੱਚ ਕਿਤਾਬਾਂ ਨਾਲ ਚੰਗੀ ਤਰ੍ਹਾਂ ਭਰੇ ਭਾਗ ਹੁੰਦੇ ਹਨ (ਜਿਵੇਂ ਕਿ Dewey ਦਸ਼ਮਲਵ ਨੰਬਰ 745 ਦੇ ਹੇਠਾਂ)।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਉਹ ਆਪਣੇ ਸਕੂਲ ਦੀ ਲਾਇਬ੍ਰੇਰੀ ਤੋਂ ਵੀ ਕਿਤਾਬਾਂ ਉਧਾਰੀਆਂ ਲੈਣ।
- ਜੇ ਤੁਹਾਡਾ ਬੱਚਾ ਕਿਸੇ ਲੇਖਕ ਨੂੰ ਪਸੰਦ ਕਰਦਾ ਹੈ, ਤਾਂ ਉਸੇ ਲੇਖਕ ਵੱਲੋਂ ਲਿਖੀ ਕੋਈ ਹੋਰ ਕਿਤਾਬ ਜਾਂ ਕਿਤਾਬਾਂ ਦੀ ਲੜੀ ਲੱਭੋ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਆਪਣੇ ਮਨਪਸੰਦ ਲੇਖਕ ਜਾਂ ਚਿੱਤਰਕਾਰ ਦੀ ਵੈੱਬਸਾਈਟ 'ਤੇ ਜਾ ਕੇ ਉਨ੍ਹਾਂ ਦੇ ਬਾਰੇ ਪੜ੍ਹਨ।
- ਆਪਣੇ ਬੱਚੇ ਨੂੰ ਵੱਖ-ਵੱਖ ਸ਼ੈਲੀਆਂ ਪੜ੍ਹਨ ਬਾਰੇ ਦੱਸੋ ਜਿਵੇਂ ਕਿ ਕਲਪਨਾ, ਵਿਗਿਆਨਕ-ਕਲਪਨਾ, ਐਕਸ਼ਨ ਅਤੇ ਰੋਮਾਂਚ।
- ਆਪਣੇ ਬੱਚੇ ਨੂੰ ਵੱਖ-ਵੱਖ ਕਿਸਮ ਦੀ ਲਿਖਤ-ਸ਼ੈਲੀਆਂ ਪੜ੍ਹਨ ਬਾਰੇ ਦੱਸੋ ਜਿਵੇਂ ਕਿ ਕਵਿਤਾਵਾਂ, ਸੰਗੀਤ ਦੇ ਬੋਲ ਅਤੇ ਛੋਟੇ ਨਾਟਕ।
- ਆਪਣੇ ਬੱਚੇ ਨੂੰ ਨੱਨ-ਫਿਕਸ਼ਨ ਪੜ੍ਹਨ ਦੇ ਲਈ ਉਤਸ਼ਾਹਿਤ ਕਰੋ। ਅਖ਼ਬਾਰ ਜਾਂ ਕੋਈ ਔਨਲਾਈਨ ਐਨਸਾਈਕਲੋਪੀਡੀਆ ਇੱਕ ਚੰਗੀ ਸ਼ੁਰੂਆਤ ਹੋ ਸਕਦੀ ਹੈ, ਪਰ ਤੁਹਾਡੇ ਬੱਚੇ ਨੂੰ ਇਤਿਹਾਸ ਦੀਆਂ ਕਿਤਾਬਾਂ ਜਾਂ ਆਪਣੇ ਪਸੰਦੀਦਾ ਖਿਡਾਰੀ ਜਾਂ ਮਸ਼ਹੂਰ ਹਸਤੀਆਂ ਦੀਆਂ ਆਤਮਕਥਾਵਾਂ ਵਿੱਚ ਵੀ ਦਿਲਚਸਪੀ ਹੋ ਸਕਦੀ ਹੈ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਜਿਹੜੇ ਲਫਜ਼ ਉਹ ਸਮਝ ਨਹੀਂ ਪਾ ਰਹੇ ਹੋਣ ਤਾਂ ਸ਼ਬਦਕੋਸ਼ ਦਾ ਵਰਤੋਂ ਕਰਦੇ ਹੋਏ ਉਸ ਵਿੱਚ ਵੇਖਣ।
- ਆਪਣੇ ਬੱਚੇ ਨੂੰ ਉਨ੍ਹਾਂ ਦੀ ਉਮਰ ਦੇ ਨਾਲ ਮੇਲ ਖਾਂਦੀਆਂ ਵੀਡੀਓ ਗੇਮਾਂ ਖੇਡਣ ਦਿਉ ਜਿਨ੍ਹਾਂ ਅੰਦਰ ਪੜ੍ਹਨਾ ਪੈਂਦਾ ਹੋਵੇ।
- ਆਪਣੇ ਬੱਚੇ ਨੂੰ ਵਿਕਟੋਰੀਅਨ ਪ੍ਰੀਮੀਅਰ ਦਾ ਰੀਡਿੰਗ ਚੈਲੇਂਜ (ਚੁਣੌਤੀ) ਵਿੱਚ ਸ਼ਾਮਿਲ ਹੋਣ ਦੇ ਲਈ ਉਤਸ਼ਾਹਿਤ ਕਰੋ, ਜੋ ਕਿ ਹਰ ਸਾਲ ਮਾਰਚ ਤੋਂ ਸਤੰਬਰ ਤੱਕ ਚਲਦੀ ਹੈ। ਇਨ੍ਹਾਂ ਵਿੱਚ ਭਾਗ ਲੈਣ ਵਾਲੇ ਸਕੂਲ ਤੁਹਾਡੇ ਬੱਚੇ ਨੂੰ ਇਸ ਲਈ ਰਜਿਸਟਰ ਕਰਨਗੇ - ਨਹੀਂ ਤਾਂ ਤੁਸੀਂ ਆਪਣੇ ਬੱਚੇ ਨੂੰ ਆਪ ਹੀ ਇੱਥੇ ਰਜਿਸਟਰ ਕਰ ਸਕਦੇ ਹੋ: https://www.vic.gov.au/premiers-reading-challenge?Redirect=1#for-students-parents-and-early-childhood-services
- ਪੰਨਾ 43 'ਤੇ "Creating a Literacy-Rich Home" ਵੀ ਦੇਖੋ।





## ਕਿਤਾਬ ਬਾਰੇ ਗੱਲਬਾਤ (Book Chat)

ਕਿਤਾਬ ਬਾਰੇ ਚਰਚਾ ਇੱਕ ਮਹੱਤਵਪੂਰਨ ਰਣਨੀਤੀ ਹੈ ਜਿਸ ਨਾਲ ਤੁਹਾਡੇ ਬੱਚੇ ਨੂੰ ਉਸਦੀ ਮਨਪਸੰਦ ਕਿਤਾਬਾਂ ਵਿੱਚ ਦਿੱਤੇ ਗਏ ਵਿਚਾਰਾਂ ਦੇ ਮੂਲ ਤੱਤ ਅਤੇ ਮਤਲਬ ਨੂੰ ਡੂੰਘਾਈ ਦੇ ਨਾਲ ਜ਼ਾਹਰ ਕਰਨ ਵਿੱਚ ਮੱਦਦ ਮਿਲਦੀ ਹੈ। ਪਿਛਲੇ ਭਾਗ ਵਿੱਚ, ਸਕੂਲ ਤੋਂ ਪਹਿਲਾਂ ਤੋਂ ਲੈ ਕੇ ਗ੍ਰੇਡ 2 ਤੱਕ ਸਾਖਰਤਾ, ਮੁੱਖ ਤੌਰ 'ਤੇ ਵਿਸ਼ੇ ਅਤੇ ਪਾਤਰ ਬਾਰੇ ਜਾਣਕਾਰੀ ਨੂੰ ਯਾਦ ਕਰਨ ਨਾਲ ਸੰਬੰਧਿਤ ਕਿਤਾਬਾਂ ਦੇ ਗੱਲਬਾਤ ਸਵਾਲ (ਪੰਨਾ 15 ਦੇਖੋ)। ਜਦੋਂ ਤੁਹਾਡਾ ਬੱਚਾ ਪ੍ਰਾਇਮਰੀ ਸਕੂਲ ਵਿੱਚ ਹੁੰਦਾ ਹੈ ਤਾਂ ਇਹ ਸਵਾਲ ਪੁੱਛਣ ਲਈ ਅਜੇ ਵੀ ਬਹੁਤ ਮਹੱਤਵਪੂਰਨ ਹਨ। ਜਦੋਂ ਤੁਹਾਡਾ ਬੱਚਾ ਪ੍ਰਾਇਮਰੀ ਸਕੂਲ ਵਿੱਚੋਂ ਅੱਗੇ ਲੰਘਦਾ ਹੈ, ਤਾਂ ਉਸ ਕਿਤਾਬ, ਜਿਸਨੂੰ ਤੁਸੀਂ ਇੱਕਠੇ ਪੜ੍ਹ ਰਹੇ ਹੋ, ਜਾਂ ਉਹ ਕਿਤਾਬ ਜਿਸਨੂੰ ਤੁਹਾਡਾ ਬੱਚਾ ਆਪ ਸੁਤੰਤਰ ਤੌਰ 'ਤੇ ਪੜ੍ਹ ਰਿਹਾ ਹੈ, ਉਨ੍ਹਾਂ ਕਿਤਾਬਾਂ ਦੀ ਚਰਚਾ ਵਿੱਚ ਹੋਰ ਸਵਾਲ ਜੋੜ ਦਿਉ।

**ਕੁੱਝ ਹੋਰ ਸਵਾਲਾਂ ਵਿੱਚ ਸ਼ਾਮਲ ਹੋ ਸਕਦੇ ਹਨ:**

- ਕੀ ਕਹਾਣੀ ਵਿਚ ਮੁੱਖ ਪਾਤਰ ਬਦਲਦਾ ਹੈ? ਚਰਿੱਤਰ ਕਿਵੇਂ ਬਦਲਦਾ ਹੈ?
- ਜੇ ਤੁਸੀਂ ਇਸ ਕਿਤਾਬ ਦਾ ਅੰਤ ਬਦਲ ਸਕਦੇ, ਤਾਂ ਉਹ ਅੰਤ ਕੀ ਹੋਣਾ ਸੀ?
- ਤੁਹਾਡੇ ਵਿਚਾਰ ਦੇ ਵਿੱਚ ਇਸ ਕਹਾਣੀ ਦਾ ਮੁੱਖ ਸੰਦੇਸ਼ ਕੀ ਹੈ?
- ਇਸ ਕਹਾਣੀ ਦੇ ਮੁੱਖ ਸੰਦੇਸ਼ ਦੇ ਬਾਰੇ ਤੁਹਾਡੀ ਕੀ ਰਾਏ ਹੈ?
- ਕੀ ਤੁਸੀਂ ਇਸ ਕਹਾਣੀ ਜਾਂ ਸੰਦੇਸ਼ ਦਾ ਸੰਬੰਧ ਕਿਸੇ ਹੋਰ ਘਟਨਾ ਜਾਂ ਮੁੱਦੇ ਦੇ ਨਾਲ ਜੋੜ ਸਕਦੇ ਹੋ?
- ਦੂਸਰੇ ਲੋਕੀ ਇਸ ਨੂੰ ਹੋਰ ਕਿਸ ਢੰਗ ਦੇ ਨਾਲ ਦੇਖ ਸਕਦੇ ਹਨ?



## ਆਪਣੇ ਬੱਚੇ ਦੀ ਲਿਖਣ ਵਿੱਚ ਮੱਦਦ ਕਰਨਾ

ਜਿਵੇਂ-ਜਿਵੇਂ ਤੁਹਾਡਾ ਬੱਚਾ ਪ੍ਰਾਇਮਰੀ ਸਕੂਲ ਵਿੱਚੋਂ ਲੰਘਦਾ ਹੈ, ਉਹ ਲੰਬੇ ਸਿਰਜਣਾਤਮਕ ਲੇਖ ਲਿਖਣਾ ਸ਼ੁਰੂ ਕਰ ਦੇਵੇਗਾ, ਵੱਖ-ਵੱਖ ਸ਼ੈਲੀਆਂ ਵਿੱਚ ਲਿਖਣਾ ਸ਼ੁਰੂ ਕਰ ਦੇਵੇਗਾ, ਅਤੇ ਗੈਰ-ਕਾਲਪਨਿਕ ਅਤੇ ਪ੍ਰੇਰਕ ਲਿਖਤ ਦੀ ਪੜਚੋਲ ਕਰਨਾ ਸ਼ੁਰੂ ਕਰ ਦੇਵੇਗਾ।

**ਇਨ੍ਹਾਂ ਸਾਲਾਂ ਵਿੱਚ ਤੁਹਾਡੇ ਬੱਚੇ ਦੇ ਲਿਖਣ ਵਿੱਚ ਮੱਦਦ ਕਰਨ ਦੇ ਕੁੱਝ ਆਮ ਸੁਝਾਵਾਂ ਵਿੱਚ ਇਹ ਚੀਜ਼ਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ:**

- ਉਹਨਾਂ ਨੂੰ ਰੋਜ਼ਾਨਾ ਦੇ ਹੁਨਰ ਲਈ ਲਿਖਣ ਲਈ ਉਤਸ਼ਾਹਿਤ ਕਰਨਾ ਜਾਰੀ ਰੱਖੋ। ਇਸ ਵਿੱਚ ਪਕਵਾਨਾਂ, ਪਰਿਵਾਰਕ ਸੰਦੇਸ਼, ਖਰੀਦਦਾਰੀ ਸੂਚੀਆਂ ਅਤੇ ਗ੍ਰੀਟਿੰਗ ਕਾਰਡ ਲਿਖਣਾ ਸ਼ਾਮਲ ਹੈ।
- ਆਪਣੇ ਬੱਚੇ ਦੇ ਲਿਖਣ ਲਈ ਸ਼ਾਂਤ ਸਮਾਂ ਜਾਂ ਜਗ੍ਹਾ ਲੱਭਣ ਦੀ ਕੋਸ਼ਿਸ਼ ਕਰੋ। ਸਮਤਲ ਸਤ੍ਹਾ ਜਿਵੇਂ ਕਿ ਮੇਜ਼, ਬੈਂਚ ਟਾਪ ਜਾਂ ਟਰੇ ਮੱਦਦਗਾਰ ਹੈ।
- ਲਿਖਣ ਲਈ ਸਮਾਨ ਪ੍ਰਦਾਨ ਕਰੋ ਜਿਵੇਂ ਕਿ ਰੰਗੀਨ ਪੈੱਨ ਅਤੇ ਪੈਂਸਿਲਾਂ, ਅਤੇ ਵੱਖ-ਵੱਖ ਰੰਗਾਂ ਦੇ ਕਾਗਜ਼।
- ਇਸ ਤੋਂ ਪਹਿਲਾਂ ਕਿ ਉਹ ਲਿਖਣਾ ਸ਼ੁਰੂ ਕਰਨ, ਉਸ ਲਿਖਣ ਦੇ ਵਿਸ਼ੇ ਬਾਰੇ ਆਪਣੇ ਬੱਚੇ ਦੇ ਨਾਲ ਚਰਚਾ ਕਰ ਲੈਣਾ ਹਮੇਸ਼ਾਂ ਮੱਦਦਗਾਰ ਸਾਬਿਤ ਹੁੰਦਾ ਹੈ। ਇਹ ਤੁਹਾਡੇ ਬੱਚੇ ਅੰਦਰ ਪ੍ਰਭਾਵੀ ਵਿਚਾਰ ਪੈਦਾ ਕਰੇਗਾ ਅਤੇ ਲਿਖਣ ਪ੍ਰਤੀ ਉਨ੍ਹਾਂ ਅੰਦਰ ਆਤਮ-ਵਿਸ਼ਵਾਸ ਪੈਦਾ ਹੋਵੇਗਾ।
- ਤੁਹਾਡਾ ਬੱਚਾ ਜਿਸ ਵਿਸ਼ੇ ਉੱਤੇ ਲਿਖ ਰਿਹਾ ਹੈ ਉਸ ਬਾਰੇ ਚਰਚਾ ਤੋਂ ਬਾਅਦ, ਉਨ੍ਹਾਂ ਦੀ ਮੱਦਦ ਕਰਨ ਲਈ ਤੁਸੀਂ ਕੁੱਝ ਤਰਕ ਜਾਂ ਕਹਾਣੀ ਦੇ ਅੰਸ਼ ਲਿਖ ਸਕਦੇ ਹੋ। ਉਹ ਫਿਰ ਇਹਨਾਂ ਬਿੰਦੂਆਂ 'ਤੇ ਵਿਸਥਾਰ ਨਾਲ ਅੱਗੇ ਲਿਖ ਸਕਦੇ ਹਨ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਵੱਖ-ਵੱਖ ਸ਼ੈਲੀਆਂ ਵਿੱਚ ਰਚਨਾਤਮਕ ਢੰਗ ਨਾਲ ਲਿਖੇ ਜਿਵੇਂ ਕਿ ਕਲਪਨਾ, ਸੱਚ ਤੋਂ ਪ੍ਰੇਰਿਤ ਅਤੇ ਰੋਮਾਂਚਕ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਵੱਖ-ਵੱਖ ਤਰੀਕੇ ਦੇ ਸਾਹਿੱਤ ਦੇ ਲੇਖ ਲਿਖੇ ਜਿਵੇਂ ਕਿ ਕਵਿਤਾਵਾਂ, ਛੋਟੇ ਨਾਟਕ ਜਾਂ ਫ਼ਿਲਮ ਦੀਆਂ ਪਟਕਥਾਵਾਂ।
- ਰਚਨਾਤਮਕ ਢੰਗ ਦੇ ਨਾਲ ਲਿਖਣ ਦੀ ਸ਼ੁਰੂਆਤ ਕਰਨ ਦੇ ਲਈ ਕਿਸੇ ਅਜਿਹੀ ਕਿਤਾਬ ਦਾ ਸਹਾਰਾ ਲਉ, ਜੋ ਤੁਹਾਡੇ ਬੱਚੇ ਨੇ ਪੜ੍ਹੀ ਹੈ।
- ਸੋਚ ਜਗਾਉਣ ਵਾਲੇ ਲੇਖ ਲਿਖਣਾ, ਸਕੂਲ ਦੇ ਅੰਦਰ ਇੱਕ ਮਹੱਤਵਪੂਰਵਕ ਚੀਜ਼ ਬਣ ਜਾਵੇਗਾ, ਖ਼ਾਸ ਤੌਰ 'ਤੇ ਹਾਈ ਸਕੂਲ ਵਿੱਚ। ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਖ਼ਾਸ ਮੁੱਦਿਆਂ ਉੱਪਰ ਆਪਣੀ ਵੱਖ-ਵੱਖ ਰਾਏ ਅਤੇ ਵਿਚਾਰਾਂ ਨੂੰ ਲਿਖ ਲਵੇ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਆਪਣੇ ਵੱਲੋਂ ਕੀਤੇ ਗਏ ਕੰਮ ਨੂੰ ਤੁਹਾਨੂੰ ਵਿਖਾਉਣ ਤੋਂ ਪਹਿਲਾਂ ਆਪਣੀਆਂ ਕੀਤੀਆਂ ਗਲਤੀਆਂ ਲੱਭ ਕੇ ਉਨ੍ਹਾਂ ਵਿੱਚ ਸੋਧ ਕਰ ਲਵੇ। ਉਨ੍ਹਾਂ ਨੂੰ ਇਹ ਯਕੀਨੀ ਬਣਾ ਲੈਣਾ ਵੀ ਜ਼ਰੂਰੀ ਹੈ ਕਿ ਜੋ ਲਿਖਿਆ ਹੈ, ਉਹ ਸਮਝ ਵਿੱਚ ਆਉਂਦਾ ਹੋਵੇ। ਉਨ੍ਹਾਂ ਵੱਲੋਂ ਲਿਖੇ ਗਏ ਲੇਖ ਵਿੱਚੋਂ ਗਲਤੀਆਂ ਲੱਭਣ ਦੀ ਇੱਕ ਵਧੀਆ ਤਕਨੀਕ ਹੈ ਕਿ ਜੋ ਲਿਖਿਆ ਹੈ ਉਸ ਨੂੰ ਬੋਲ-ਬੋਲ ਕੇ ਪੜ੍ਹਨ।
- ਸ਼ਬਦਕੋਸ਼ ਦੀ ਵਰਤੋਂ ਕਰਨ ਨਾਲ ਸਪੈਲਿੰਗ ਦੀਆਂ ਗਲਤੀਆਂ ਵਿੱਚ ਮੱਦਦ ਮਿਲਦੀ ਹੈ।
- ਥੀਸੌਰਸ ਦਾ ਵਰਤੋਂ ਕਰਨਾ, ਤੁਹਾਡੇ ਬੱਚੇ ਦੇ ਸ਼ਬਦਾਂ ਦੇ ਭੰਡਾਰ ਨੂੰ ਵਧਾਉਣ ਵਿੱਚ ਮੱਦਦ ਕਰਦਾ ਹੈ।



**ਕੁੱਝ ਮਜ਼ੇਦਾਰ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ:**

- ਆਪਣੀਆਂ ਕਿਤਾਬਾਂ ਬਣਾਉਣ ਲਈ ਰੱਦੀ/ਵਾਧੂ ਪੇਪਰਾਂ ਦੀ ਵਰਤੋਂ ਕਰੋ। ਪੰਨਿਆਂ ਨੂੰ ਇਕੱਠੇ ਕਰਕੇ ਸਟੈਪਲ ਕਰੋ, ਅਤੇ ਇੱਕ ਘਰੇਲੂ ਮਿੰਨੀ ਕਿਤਾਬ ਲਾਇਬ੍ਰੇਰੀ ਬਣਾਉਣ ਲਈ ਕਹਾਣੀਆਂ, ਬੁਝਾਰਤਾਂ, ਚੁਟਕਲੇ ਜਾਂ ਨਿਰਦੇਸ਼ ਲਿਖੋ
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਇੱਕ ਡਾਇਰੀ ਰੱਖੇ ਜਿਸ ਅੰਦਰ ਉਹ ਆਪਣੀਆਂ ਭਾਵਨਾਵਾਂ ਅਤੇ ਅਨੁਭਵਾਂ ਨੂੰ ਦਰਜ ਕਰੇ।
- ਕਿਸੇ ਕਿਤਾਬ ਜਾਂ ਫ਼ਿਲਮ ਦੀ ਸਮੀਖਿਆ ਕਰ ਕੇ ਉਸ ਬਾਰੇ ਲਿਖੇ। ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਤੁਲਨਾਤਮਕ ਚੰਗੇ ਅਤੇ ਮਾੜੇ ਅੰਸ਼ਾਂ ਬਾਰੇ ਇੱਕ ਰਾਏ ਬਣਾਵੇ, ਅਤੇ ਫ਼ਿਲਮ ਕਿਸ ਤਰੀਕੇ ਦੇ ਨਾਲ ਬਿਹਤਰ ਕੀਤੀ ਜਾ ਸਕਦੀ ਸੀ।
- ਇੱਕ 'ਲੱਭੀ ਕਵਿਤਾ' ਬਣਾਓ। ਕਿਤਾਬਾਂ ਜਾਂ ਕਵਿਤਾਵਾਂ ਵਿੱਚੋਂ ਬਗੈਰ ਸੋਚੇ ਸਮਝੇ, ਕੋਈ ਵੀ 20 ਲਾਈਨਾਂ ਜਾਂ ਵਾਕਾਂਸ਼ਾਂ ਨੂੰ ਚੁਣੋ ਅਤੇ ਇਨ੍ਹਾਂ ਲਾਈਨਾਂ ਨੂੰ ਅੱਗੇ ਪਿੱਛੇ ਲਗਾ ਕੇ ਇੱਕ ਨਵੀਂ ਕਵਿਤਾ ਬਣਾਵੋ। ਵੱਖ-ਵੱਖ ਲਾਈਨਾਂ ਨੂੰ ਜੋੜਨ ਦੀਆਂ ਵੱਖ-ਵੱਖ ਸੰਭਾਵਨਾਵਾਂ, ਅਤੇ ਇਹਨਾਂ ਦੇ ਅਰਥਾਂ ਵਿੱਚ ਤਬਦੀਲੀਆਂ ਬਾਰੇ ਚਰਚਾ ਕਰਨਾ ਮਜ਼ੇਦਾਰ ਹੋ ਸਕਦਾ ਹੈ।
- ਆਪਣੇ ਬੱਚੇ ਨੂੰ ਇੱਕ ਵਿਸ਼ਾ ਦਿਉ ਜਿਸ ਦੇ ਸਾਫ ਤੌਰ 'ਤੇ ਦੋ ਪੱਖ ਹੋਣ, ਜਿਵੇਂ ਕਿ "ਹੋਮਵਰਕ ਉੱਤੇ ਪਾਬੰਦੀ ਲਗਾ ਦੇਣੀ ਚਾਹੀਦੀ ਹੈ"। ਆਪਣੇ ਬੱਚੇ ਨੂੰ ਕਹੋ ਕਿ ਦੋਹਾਂ ਪੱਖਾਂ ਦੇ ਲਈ, ਅਤੇ ਵਿਰੋਧ ਵਿੱਚ ਆਪਣੇ ਤਰਕ ਦੱਸਦੇ ਹੋਏ ਕੁੱਝ ਪੈਰ੍ਹੇ ਲਿਖਣ।
- ਜੇਕਰ ਤੁਹਾਡੇ ਬੱਚੇ ਨੇ ਹਾਲ ਹੀ ਵਿੱਚ ਕੋਈ ਨਾਵਲ ਜਾਂ ਫ਼ਿਲਮ ਪੂਰੀ ਕੀਤੀ ਹੈ, ਤਾਂ ਉਸ ਨੂੰ ਇਸਦੇ ਜਵਾਬ ਵਿੱਚ ਰਚਨਾਤਮਕ ਢੰਗ ਨਾਲ ਲਿਖਣ ਲਈ ਕਹੋ। ਉਹ ਇਸਦਾ ਇੱਕ ਹੋਰ ਅੰਤ, ਅੱਗੇ ਦਾ ਛੋਟਾ ਭਾਗ, ਜਾਂ ਕਿਸੇ ਪਾਤਰ ਦੇ ਦ੍ਰਿਸ਼ਟੀਕੋਣ ਤੋਂ ਡਾਇਰੀ ਐਂਟਰੀਆਂ ਦੀ ਇੱਕ ਲੜੀ ਲਿਖ ਸਕਦੇ ਹਨ।






## ਡਿਜ਼ੀਟਲ ਲਿਖਣਾ ਅਤੇ ਬਨਾਉਣਾ (Digital writing and creating)

ਹੁਣ ਅਸੀਂ ਇੱਕ ਦੁਨੀਆ ਦੇ ਵਿੱਚ ਰਹਿ ਰਹੇ ਹਾਂ ਜੋ ਕਿ ਡਿਜ਼ੀਟਲ ਤਕਨਾਲੋਜੀ ਦੇ ਨਾਲ ਭਰੀ ਹੋਈ ਹੈ। ਆਪਣੇ ਬੱਚੇ ਨੂੰ ਸਾਖਰਤਾ ਦੀ ਸਫਲਤਾ ਦਾ ਸਭ ਤੋਂ ਵਧੀਆ ਮੌਕਾ ਦੇਣ ਦੇ ਲਈ ਇਹ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਤਕਨਾਲੋਜੀ ਦੇ ਨਾਲ ਸਹਿਜ ਮਹਿਸੂਸ ਕਰੇ ਅਤੇ ਆਪਣੇ ਵਿਚਾਰ ਸਾਂਝੇ ਕਰਨ, ਅਤੇ ਆਪਣੀ ਰਚਨਾਤਮਕਤਾ ਵਿਖਾਉਣ ਦੇ ਲਈ ਵੱਖ-ਵੱਖ ਤਕਨਾਲੋਜੀਆਂ ਦਾ ਵਰਤੋਂ ਕਰ ਸਕੇ।

**ਕੁੱਝ ਗਤੀਵਿਧੀਆਂ ਜੋ ਕਿ ਤੁਹਾਡਾ ਬੱਚਾ ਕਰ ਸਕਦਾ ਹੈ, ਉਨ੍ਹਾਂ ਵਿੱਚ ਸ਼ਾਮਿਲ ਹਨ:**

- ਕਿਸੇ ਖ਼ਾਸ ਦਿਲਚਸਪੀ ਨੂੰ ਧਿਆਨ ਵਿੱਚ ਰੱਖਦੇ ਹੋਏ ਵੈੱਬਸਾਈਟ ਬਨਾਉਣਾ, ਜਿਵੇਂ ਕਿ ਕੋਈ ਸ਼ੌਂਕ, ਸਪੋਰਟਸ ਟੀਮ, ਜਾਂ ਇਤਿਹਾਸਕ ਘਟਨਾ ਜੋ ਉਨ੍ਹਾਂ ਅੰਦਰ ਦਿਲਚਸਪੀ ਜਗਾਉਂਦੀ ਹੈ।
- ਕਿਸੇ ਸ਼ੌਂਕ ਜਾਂ ਦਿਲਚਸਪੀ ਉੱਪਰ ਬਲੌਂਗ ਲਿਖਣਾ
- ਕਿਸੇ ਛੋਟੀ ਫ਼ਿਲਮ ਦੀ ਪਟਕਥਾ ਲਿਖਣਾ ਅਤੇ ਮੋਬਾਇਲ ਫ਼ੋਨ, ਟੈਬਲੇਟ ਜਾਂ ਵੀਡੀਓ ਰਿਕਾਰਡਰ ਦਾ ਵਰਤੋਂ ਕਰਦੇ ਹੋਏ ਉਸ ਫ਼ਿਲਮ ਨੂੰ ਕੈਮਰੇ ਵਿੱਚ ਉਤਾਰਨਾ। ਸੰਪਾਦਨ ਸੌਫਟਵੇਅਰ ਦਾ ਵਰਤੋਂ ਕਰਦੇ ਹੋਏ ਫ਼ਿਲਮ ਦਾ ਸੰਪਾਦਨ ਕਰਨਾ ਅਤੇ ਸਿਰਲੇਖ ਬਨਾਉਣੇ।
- ਰੇਡੀਓ ਦੀ ਪਟਕਥਾ ਲਿਖਣਾ ਅਤੇ ਮੋਬਾਇਲ ਫ਼ੋਨ, ਟੈਬਲੇਟ ਜਾਂ ਡਿਜ਼ੀਟਲ ਵੌਇਸ ਰਿਕਾਰਡਰ ਦੀ ਵਰਤੋਂ ਕਰਕੇ ਉਸ ਨੂੰ ਰਿਕਾਰਡ ਕਰੋ।
- ਇੱਕ ਛੋਟੀ ਕਹਾਣੀ ਲਿਖੋ ਅਤੇ ਇਸਨੂੰ ਮੋਬਾਈਲ ਫ਼ੋਨ, ਟੈਬਲੇਟ, ਜਾਂ ਵੌਇਸ ਰਿਕਾਰਡਰ ਦੀ ਵਰਤੋਂ ਕਰਕੇ ਰਿਕਾਰਡ ਕਰੋ। ਮੂਡ ਅਤੇ ਰੋਮਾਂਚ (ਸਸਪੈਂਸ) ਬਣਾਉਣ ਲਈ ਡਿਜ਼ੀਟਲ ਫ਼ਿਲਮ ਸਕੋਰ ਸੰਗੀਤ ਜਾਂ ਸਾਊਂਡ ਇਫੈੱਕਟ ਲੱਭੋ।
- ਪਰਿਵਾਰ ਦੇ ਮੈਂਬਰਾਂ ਨੂੰ ਈ-ਮੇਲਾਂ ਜਾਂ ਤਤਕਾਲ ਸੰਦੇਸ਼ ਸੁਵਿਧਾ ਦਾ ਵਰਤੋਂ ਕਰਦੇ ਹੋਏ ਸੰਦੇਸ਼ ਭੇਜਣੇ।
- ਕਿਸੇ ਨਿੱਜੀ ਦਿਲਚਸਪੀ ਵਾਲੀ ਚੀਜ਼ ਦੇ ਬਾਰੇ, ਜਾਂ, ਹਾਲ ਹੀ ਵਿੱਚ ਇੱਕ ਪਰਿਵਾਰਕ ਛੁੱਟੀ ਤੇ ਜਾਣ ਬਾਰੇ, ਪ੍ਰੈਜ਼ੇਨਟੇਸ਼ਨ ਜਾਂ ਸਲਾਈਡ ਸਾਫਟਵੇਅਰ ਦਾ ਵਰਤੋਂ ਕਰਦੇ ਹੋਏ, ਪਰਿਵਾਰ ਦੇ ਲਈ ਪ੍ਰੈਜ਼ੇਨਟੇਸ਼ਨਾਂ ਬਨਾਉਣਾ।
- ਆਸਟ੍ਰੇਲੀਅਨ ਚਿਲਡਰਨਜ਼ ਟੈਲੀਵਿਜ਼ਨ ਫਾਊਂਡੇਸ਼ਨ ਦੇ The Little Lunch App (ਦਿ ਲਿਟਲ ਲੰਚ ਐਪ) ਵਰਗੀ ਐਪ ਦੀ ਵਰਤੋਂ ਕਰਦੇ ਹੋਏ, ਛੋਟੀ ਜਿਹੀ ਫ਼ਿਲਮ ਬਣਾਓ: https://actf.com.au/education/resources/id/10429/



## ਪਰਿਵਾਰਕ ਪ੍ਰੋਜੈਕਟ

ਪੂਰੇ ਪਰਿਵਾਰ ਨੂੰ ਪੜ੍ਹਨ ਅਤੇ ਲਿਖਣ ਵਿੱਚ ਸ਼ਾਮਿਲ ਕਰਨ ਦਾ ਮੌਕਾ ਲੱਭੋ।

**ਕੁੱਝ ਪਰਿਵਾਰਕ ਪ੍ਰੋਜੈਕਟ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ:**

- ਦੋਸਤਾਂ ਜਾਂ ਪਰਿਵਾਰ ਦੇ ਮੈਂਬਰਾਂ ਨੂੰ ਈ-ਮੇਲ ਭੇਜਣਾ।
- ਪਰਿਵਾਰ ਅਤੇ ਦੋਸਤਾਂ ਦੇ ਨਾਲ ਗੱਲਬਾਤ ਕਰਨ ਦੇ ਲਈ ਆਪਣੀਆਂ ਸੋਸ਼ਲ ਨੈਟਵਰਕਿੰਗ ਸਾਈਟਾਂ ਉੱਤੇ ਇਕੱਠੇ ਹੋ ਕੇ ਸੰਦੇਸ਼ ਲਿਖਣਾ।
- ਕਿਸੇ ਕਿਤਾਬ ਦੀ ਸੀਰੀਜ਼ ਇਕੱਠੇ ਬੈਠ ਕੇ ਪੜ੍ਹਨਾ।
- ਕੋਈ ਨਵੀਂ ਘਰੇਲੂ ਚੀਜ਼ ਕਿਵੇਂ ਕੰਮ ਕਰਦੀ ਹੈ, ਉਸ ਦੀਆਂ ਹਦਾਇਤਾਂ ਇਕੱਠੇ ਬੈਠ ਕੇ ਪੜ੍ਹੋ।
- ਆਪਣੇ ਪਰਿਵਾਰ ਦੇ ਸਮਾਗਮ ਜਾਂ ਯਾਤਰਾਵਾਂ ਦੇ ਅਨੁਭਵਾਂ ਨੂੰ ਕਿਸੇ ਪਤ੍ਰਿਕਾ ਜਾਂ ਔਨਲਾਈਨ ਬਲੌਗ ਵਿੱਚ ਲਿਖੋ।
- ਨਾਟਕ ਲਿਖੋ ਅਤੇ ਉਹਨਾਂ ਨੂੰ ਪਰਿਵਾਰ ਅਤੇ ਦੋਸਤਾਂ ਲਈ ਪੇਸ਼ ਕਰੋ।
- ਰਲ ਕੇ ਇੱਕ ਫ਼ਿਲਮ ਦੀ ਪਟਕਥਾ ਲਿਖੋ ਅਤੇ ਫ਼ਿਲਮ ਬਣਾਉ।
- ਖਬਰਾਂ ਦੇ ਆਰਟੀਕਲ ਪੜ੍ਹੋ, ਚੁਣੋ ਅਤੇ ਇਕੱਠੇ ਕਰੋ ਅਤੇ ਇੱਕ ਐਲਬਮ ਬਣਾਉ, ਉਦਾਹਰਨ ਦੇ ਤੌਰ 'ਤੇ, ਕਿਸੇ ਖੇਡ ਦੀ ਟੀਮ, ਮਨਪਸੰਦ ਜਾਨਵਰ ਜਾਂ ਕੋਈ ਮਨੋਰੰਜਨ ਗਤੀਵਿਧੀ ਲਈ।
- ਸ਼ਬਦ-ਵਰਗ ਪਹੇਲੀਆਂ, ਸ਼ਬਦ ਪਹੇਲੀਆਂ, ਦਿਮਾਗੀ ਕਸਰਤ ਵਾਲੇ ਸਵਾਲ ਅਤੇ ਕਵਿਜ਼ਾਂ ਨੂੰ ਹੱਲ ਕਰੋ।
- ਰੋਜ਼ਾਨਾ Wordle ਨੂੰ ਅਜ਼ਮਾਉਣ ਅਤੇ ਹੱਲ ਕਰਨ ਲਈ ਪਰਿਵਾਰ ਮਿਲਕੇ ਦਿਮਾਗ ਲਗਾਓ। ਬੱਚਿਆਂ ਲਈ ਢੁੱਕਵੇਂ ਸੰਸਕਰਣ ਔਨਲਾਈਨ ਉਪਲਬਧ ਹਨ ਜਿਵੇਂ ਕਿ https://wordlegame.org/wordle-for-kids.
- ਲਾਇਬ੍ਰੇਰੀਆਂ ਅਤੇ ਕਿਤਾਬਾਂ ਦੀਆਂ ਦੁਕਾਨਾਂ ਵਿੱਚ ਘੁੰਮ ਕੇ ਚੀਜ਼ਾਂ ਵੇਖੋ। ਚੈਰਿਟੀ ਸਟੋਰਾਂ ਜਾਂ ਗਰਾਜ ਸੇਲ ਦੌਰਾਨ ਮਿਲਣ ਵਾਲੀਆਂ ਸਸਤੀਆਂ ਕਿਤਾਬਾਂ ਨੂੰ ਲੱਭੋ।
- ਕਿਤੇ ਘੁੰਮਣ ਜਾਣ ਦੀ ਤਿਆਰੀ ਰਲ ਕੇ ਕਰੋ, ਜਿਸ ਵਿੱਚ ਪਬਲਿਕ ਟ੍ਰਾਂਸਪੋਰਟ ਦੇ ਟਾਈਮਟੇਬਲ, ਨਕਸ਼ੇ ਅਤੇ ਜਾਣਕਾਰੀ ਦੇ ਪੈਂਫਲੇਟ ਸ਼ਾਮਿਲ ਹਨ।

## ਸਾਖਰਤਾ ਦੇ ਨਾਲ ਭਰਿਆ ਇੱਕ ਘਰ ਬਨਾਉਣਾ

ਸਾਖਰਤਾ ਦੇ ਨਾਲ ਭਰਿਆ ਹੋਇਆ ਘਰ, ਤੁਹਾਡੇ ਬੱਚੇ ਨੂੰ ਪੜ੍ਹਨ, ਲਿਖਣ, ਬੋਲਣ ਅਤੇ ਸੁਨਣ ਵਿੱਚ ਸ਼ਾਮਲ ਹੋਣ ਦਾ ਹਰ ਇੱਕ ਮੌਕਾ ਪ੍ਰਦਾਨ ਕਰਦਾ ਹੈ। ਇਸ ਤਰੀਕੇ ਦੇ ਵਾਤਾਵਰਨ ਦੇ ਨਾਲ ਤੁਹਾਡੇ ਬੱਚੇ ਨੂੰ ਉਤਸ਼ਾਹ ਮਿਲਦਾ ਹੈ ਕਿ ਉਹ ਇਨ੍ਹਾਂ ਕੁਸ਼ਲਤਾਵਾਂ ਨੂੰ ਹਰ ਰੋਜ਼ ਦੀ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਅਤੇ ਆਮ ਹਿੱਸਾ ਸਮਝਣ।

ਇੱਕ ਸਾਖਰਤਾ ਵਾਲਾ ਘਰ ਬਨਾਉਣ ਦੇ ਕੁੱਝ ਸੁਝਾਅ ਇੱਥੇ ਦਿੱਤੇ ਗਏ ਹਨ:

- ਕਿਤਾਬਾਂ। ਬਹੁਤ ਸਾਰੀਆਂ ਕਿਤਾਬਾਂ। ਬਹੁਤ ਸਾਰੀਆਂ ਕਿਤਾਬਾਂ ਦੇ ਨਾਲ, ਤੁਹਾਡਾ ਬੱਚਾ ਪੜ੍ਹਨ ਨੂੰ ਇੱਕ ਆਮ ਗਤੀਵਿਧੀ ਦੇ ਤਰੀਕੇ ਦੇ ਨਾਲ ਵੇਖੇਗਾ ਅਤੇ ਹਰ ਵੇਲੇ ਉਸ ਕੋਲ ਪੜ੍ਹਨ ਦੇ ਲਈ ਕੁੱਝ ਨਵਾਂ ਹੋਵੇਗਾ।
- ਆਪਣੇ ਬੱਚੇ ਦੇ ਲਈ ਇੱਕ ਭਾਸ਼ਾ ਨਾਲ ਭਰਿਆ ਹੋਇਆ ਸੌਣ ਦਾ ਕਮਰਾ ਅਤੇ ਘਰ ਬਣਾਉ, ਜਿਸ ਵਿੱਚ ਅੱਖਰ ਅਤੇ ਲਫਜ਼ਾਂ ਵਾਲੇ ਪੋਸਟਰ ਅਤੇ ਪਰਚੇ ਲੱਗੇ ਹੋਣ।
- ਆਪਣੇ ਬੱਚੇ ਦੀਆਂ ਕਿਤਾਬਾਂ ਨੂੰ ਡਿਸਪਲੇ 'ਤੇ ਲਗਾਉਣ ਦੇ ਲਈ ਇੱਕ ਕਿਤਾਬਾਂ ਦੀ ਸ਼ੈਲਫ ਦਾ ਪ੍ਰਬੰਧ ਕਰੋ।
- ਆਪਣੇ ਬੱਚੇ ਦੇ ਬੈਠ ਕੇ ਪੜ੍ਹਨ ਦੇ ਲਈ ਇੱਕ ਆਰਾਮਦਾਇਕ ਜਗ੍ਹਾ ਬਣਾਓ, ਸ਼ਾਇਦ ਸਰ੍ਹਾਣਿਆਂ ਅਤੇ ਕੰਬਲ ਵਗੈਰਾ ਦੇ ਨਾਲ, ਜਿਸ ਦੇ ਨਾਲ, ਆਪਣੇ ਬੱਚੇ ਨੂੰ ਉਤਸ਼ਾਹਿਤ ਕਰ ਸਕੋ ਕਿ ਪੜ੍ਹਨ ਨੂੰ ਇੱਕ ਆਰਾਮਦਾਇਕ ਅਤੇ ਮਸਤੀ ਭਰੀ ਗਤੀਵਿਧੀ ਦੇ ਰੂਪ ਵਿੱਚ ਦੇਖੇ।
- ਲਿਖਣ ਦੇ ਲਈ ਇੱਕ ਮੇਜ਼ ਅਤੇ ਲਿਖਣ ਦਾ ਸਮਾਨ ਪ੍ਰਦਾਨ ਕਰੋ। ਵੱਖ-ਵੱਖ ਪੈੱਨ ਅਤੇ ਪੈਂਸਿਲਾਂ ਅਤੇ ਲਿਖਣ ਦੇ ਲਈ ਇੱਕ ਜਗ੍ਹਾ ਦਾ ਹੋਣਾ, ਤੁਹਾਡੇ ਬੱਚੇ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ਹੋਰ ਵੀ ਜ਼ਿਆਦਾ ਲਿਖਿਆ ਕਰੇ। ਆਪਣੇ ਬੱਚੇ ਦੇ ਪੈੱਨ ਅਤੇ ਪੈਂਸਿਲਾਂ ਰੱਖਣ ਦੇ ਲਈ ਇੱਕ ਵਿਸ਼ੇਸ਼ 'ਲਿਖਣ ਲਈ ਬਕਸਾ' ਨੂੰ ਬਨਾਉਣ ਦੇ ਨਾਲ ਤੁਹਾਡਾ ਬੱਚਾ ਲਿਖਣ ਨੂੰ ਇੱਕ ਮਹੱਤਵਪੂਰਨ ਗਤੀਵਿਧੀ ਦੇ ਰੂਪ ਵਿੱਚ ਵੇਖਦਾ ਹੈ।
- ਕਾਲਪਨਿਕ ਖੇਡਾਂ ਦੇ ਲਈ ਰੰਗਮੰਚ ਦਾ ਸਾਮਾਨ (ਪਰੋਪਸ) ਅਤੇ ਸ਼ਿਲਪਕਾਰੀ ਦੇ ਪ੍ਰੋਜੈਕਟਾਂ (ਚਰਓਡਟ ਪਰੋਜਏਚਟਸ) ਦੇ ਲਈ ਸਾਮਾਨ ਇਕੱਠਾ ਕਰੋ। ਇਹ ਬੋਲਣ ਅਤੇ ਲਿਖਣ ਦੇ ਅਭਿਆਸ ਕਰਨ ਦਾ ਇੱਕ ਆਧਾਰ ਬਣ ਸਕਦੇ ਹਨ।
- ਹਰ ਹਫ਼ਤੇ ਕੁੱਝ ਵਕਤ 'ਪਰਵਿਾਰਕ ਪੜ੍ਹਨ ਦਾ ਸਮਾਂ', ਵੱਖਰਾ ਕੱਢ ਕੇ ਰੱਖੋ, ਜਿਸ ਵੇਲੇ ਪਰਿਵਾਰ ਦਾ ਹਰ ਮੈਂਬਰ ਪੜ੍ਹ ਰਿਹਾ ਹੈ, ਭਾਵੇਂ ਇਕੱਲੇ ਬੈਠ ਕੇ ਜਾਂ ਸਾਰੇ ਇਕੱਠੇ ਬੈਠ ਕੇ।
- ਅਕਸਰ ਚਰਚਾ ਕਰੋ ਕਿ ਤੁਹਾਡਾ ਬੱਚਾ ਕੀ ਪੜ੍ਹ ਜਾਂ ਲਿਖ ਰਿਹਾ ਹੈ।
- ਬਹੁਤ ਹੀ ਜ਼ਰੂਰੀ ਚੀਜ਼, ਤੁਸੀਂ ਆਪ ਪੜ੍ਹੋ। ਆਪਣੇ ਬੱਚੇ ਨੂੰ ਪੜ੍ਹਨ ਲਗਾਉਣ ਦੇ ਸਭ ਤੋਂ ਮਹੱਵਪੂਰਨ ਤਰੀਕਿਆਂ ਵਿੱਚੋਂ ਇੱਕ ਇਹ ਹੈ ਕਿ ਆਪਣੇ ਬੱਚੇ ਦੇ ਅੱਗੇ ਪੜ੍ਹਨ ਦਾ ਇੱਕ ਮਾੱਡਲ (ਉਦਾਹਰਨ) ਪੇਸ਼ ਕਰਨਾ। ਜੇ ਬੱਚੇ ਆਪਣੇ ਮਾਂ-ਬਾਪ ਨੂੰ ਅਕਸਰ ਪੜ੍ਹਦਾ ਵੇਖਦੇ ਹਨ, ਤਾਂ ਉਹ ਪੜ੍ਹਨ ਦੇ ਲਈ ਉਤਸ਼ਾਹਿਤ ਹੁੰਦੇ ਹਨ – ਅਤੇ ਪੜ੍ਹਨ ਨੂੰ, ਦਿਨ ਦੇ ਇੱਕ ਆਮ ਹਿੱਸੇ ਦੇ ਤੌਰ 'ਤੇ ਦੇਖਦੇ ਹਨ। ਭੈਣ-ਭਰਾ, ਦਾਦਾ-ਦਾਦੀ, ਅਤੇ ਬੱਚੇ ਦੀ ਜ਼ਿੰਦਗੀ ਦੇ ਨਾਲ ਸੰਬੰਧਿਤ ਹੋਰ ਵਿਅਕਤੀ ਵੀ ਪੜ੍ਹਨ ਦੀ ਪ੍ਰੇਰਣਾ ਦੇ ਸ੍ਰੋਤ ਹੋ ਸਕਦੇ ਹਨ।



# ਗ੍ਰੇਡ 3 ਤੋਂ ਗ੍ਰੇਡ 6
# ਅੰਕ-ਗਿਆਨ

## ਆਪਣੇ ਬੱਚੇ ਨਾਲ ਅੰਕਾਂ ਦੀ ਪੜਚੋਲ ਕਰਨਾ

ਸਿੱਖਣ ਵਿੱਚ ਪਰਿਵਾਰਕ ਭਾਗੀਦਾਰੀ ਸਕੂਲ ਵਿੱਚ ਅਤੇ ਉਸ ਤੋਂ ਬਾਅਦ ਬੱਚੇ ਦੀ ਸਫ਼ਲਤਾ ਦਾ ਸਭ ਤੋਂ ਸਹੀ ਪੂਰਵ-ਸੂਚਕ ਹੈ।


ਗਣਿਤ ਵਿੱਚ ਸ਼ਾਮਿਲ ਹੋਣ ਦੇ ਮੌਕੇ ਪ੍ਰਦਾਨ ਕਰਨ ਦੇ ਨਾਲ ਅਤੇ ਇਸ ਬਾਰੇ ਚਰਚਾ ਕਰਨ ਦੇ ਨਾਲ, ਤੁਹਾਡੇ ਬੱਚੇ ਦੀ ਸਕੂਲ ਅਤੇ ਸਕੂਲ ਤੋਂ ਬਾਹਰ ਦੀ ਸਿੱਖਿਆ ਨੂੰ ਸਹਿਯੋਗ ਮਿਲਦਾ ਹੈ। ਤੁਹਾਡਾ ਬੱਚਾ, ਗਣਿਤ ਦੀ ਮਹੱਤਤਾ ਨੂੰ ਆਪਣੀਆਂ ਰੋਜ਼ ਦੀਆਂ ਗਤੀਵਿਧੀਆਂ ਦੇ ਨਾਲ ਜੋੜਨਾ ਵੀ ਸ਼ੁਰੂ ਕਰ ਦੇਵੇਗਾ, ਜਿਵੇਂ ਕਿ ਪਬਲਿਕ ਟ੍ਰਾਂਸਪੋਰਟ 'ਤੇ ਆਵਾਜਾਈ, ਕਿਸੇ ਦੁਕਾਨ ਅੰਦਰੋਂ ਚੀਜ਼ਾਂ ਦੀ ਤੁਲਨਾ ਕਰ ਕੇ ਸਭ ਤੋਂ ਵਧੀਆ ਚੀਜ਼ ਨੂੰ ਚੁਨਣਾ, ਬਜਟ ਤਿਆਰ ਕਰਨਾ ਅਤੇ ਖਾਣਾ ਪਕਾਉਣਾ।

ਗਣਿਤ ਦੇ ਬਾਰੇ ਸਕਾਰਾਤਮਕ ਗੱਲਾਂ ਕਰੋ ਤਾਂ ਜੋ ਤੁਹਾਡਾ ਬੱਚਾ ਵੀ ਇਸ ਦੇ ਮੁੱਲ ਨੂੰ ਸਮਝੇ। ਜੇ ਸਕੂਲ ਵਿੱਚ ਗਣਿਤ ਵਿੱਚ ਤੁਹਾਡੇ ਅਨੁਭਵ ਆਦਰਸ਼ ਤੋਂ ਘੱਟ ਸਨ, ਤਾਂ "ਮੈਂ ਸਕੂਲ ਵਿੱਚ ਗਣਿਤ ਵਿੱਚ ਮਾੜਾ ਸੀ," ਜਾਂ "ਮੈਨੂੰ ਗਣਿਤ ਪਸੰਦ ਨਹੀਂ ਸੀ ਕਿਉਂਕਿ ਇਹ ਬਹੁਤ ਔਖਾ ਸੀ" ਵਰਗੀਆਂ ਟਿੱਪਣੀਆਂ ਕਰਨ ਤੋਂ ਬਚੋ। ਇਸ ਤਰੀਕੇ ਦੀਆਂ ਟਿੱਪਣੀਆਂ ਦੇ ਨਾਲ ਤੁਹਾਡੇ ਬੱਚੇ ਦਾ, ਆਪਣੇ ਆਪ ਤੋਂ ਹੋਣ ਵਾਲੀਆਂ ਉਮੀਦਾਂ ਵਿੱਚ ਘਾਟਾ ਆਉਂਦਾ ਹੈ, ਅਤੇ ਸਦੀਵੀ ਤੌਰ 'ਤੇ ਇੱਕ ਮਨਘੜੰਤ ਖਿਆਲ ਬਿਠਾ ਦਿੰਦਾ ਹੈ ਕਿ ਲੋਕੀ ਕੁਦਰਤੀ ਤੌਰ 'ਤੇ ਹੀ ਗਣਿਤ ਵਿੱਚ ਅੱਛੇ ਜਾਂ ਬੁਰੇ ਹੁੰਦੇ ਹਨ।

ਇਸਦੇ ਉਲਟ, ਜੇ ਤੁਸੀਂ ਸਕੂਲ ਵਿੱਚ ਗਣਿਤ ਵਿੱਚ ਵਧੀਆ ਪ੍ਰਦਰਸ਼ਨ ਕੀਤਾ, ਤਾਂ ਇੱਕ ਦਮ ਜਵਾਬ ਜਾਂ ਹੱਲ ਲੈ ਕੇ ਆਉਣ ਵਿੱਚ ਪਰਹੇਜ਼ ਕਰੋ। ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਇਸ ਬਾਰੇ ਚਰਚਾ ਕਰਨ ਕਿ ਉਹ ਗਣਿਤ ਦੀਆਂ ਸਮੱਸਿਆਵਾਂ ਦਾ ਹੱਲ ਕਿਸ ਤਰੀਕੇ ਦੇ ਨਾਲ ਕੱਢਣਾ ਚਾਹੁਣਗੇ। ਇਹ ਉਨ੍ਹਾਂ ਦੇ ਆਤਮ-ਵਿਸ਼ਵਾਸ ਨੂੰ ਵਧਾਉਂਦਾ ਹੈ ਅਤੇ ਉਨ੍ਹਾਂ ਦੀ ਸਮਝ ਨੂੰ ਵੀ ਡੂੰਘਾ ਲੈ ਕੇ ਜਾਂਦਾ ਹੈ।

ਸਕੂਲ ਦੇ ਤੁਹਾਡੇ ਆਪ ਦੇ ਗਣਿਤ ਦੇ ਅਨੁਭਵਾਂ ਦੀ ਪਰਵਾਹ ਕੀਤੇ ਬਿਨਾਂ, ਇਹ ਪੱਕਾ ਕਰ ਲਓ ਕਿ ਅੱਜ ਗਣਿਤ, ਰੱਟਾ ਲਗਾ ਕੇ ਸਿੱਖਣ ਦੇ ਨਾਲ ਸੰਬੰਧ ਨਹੀਂ ਰੱਖਦਾ। ਅੱਜ, ਜ਼ੋਰ ਇਸ ਚੀਜ਼ ਉੱਤੇ ਹੈ ਕਿ ਪਛਾਣਿਆ ਜਾਵੇ ਕਿ ਇੱਕ ਜਵਾਬ ਤੱਕ ਪਹੁੰਚਣ ਦੇ ਕਈ ਤਰੀਕੇ ਹੁੰਦੇ ਹਨ, ਅਤੇ ਇਹ ਸਮਝਾ ਸਕਣਾ ਕਿ ਉਹ ਤਰੀਕਾ ਜੋ ਤੁਸੀਂ ਚੁਣਿਆ, ਉਸ ਨੂੰ ਤੁਸੀਂ ਕਿਵੇਂ ਅਤੇ ਕਿਉਂ ਚੁਣਿਆ।

ਆਪਣੇ ਬੱਚੇ ਦੇ ਨਾਲ ਗਣਿਤ ਬਾਰੇ ਹੋਰ ਜਾਨਣ ਦੇ ਲਈ, ਅਜਿਹੀਆਂ ਕਈ ਗਤੀਵਿਧੀਆਂ ਹਨ ਜੋ ਤੁਸੀਂ ਘਰ ਦੇ ਅੰਦਰ ਕਰ ਸਕਦੇ ਹੋ। ਇਨ੍ਹਾਂ ਗਤੀਵਿਧੀਆਂ ਦੇ ਵਿੱਚ ਸ਼ਾਮਿਲ ਹੋਣ ਦੇ ਵੇਲੇ, ਉਨ੍ਹਾਂ ਨੂੰ ਗਤੀ ਦੇ ਨਾਲ ਜੋੜਨ ਦਾ ਪਰਹੇਜ਼ ਕਰੋ। ਇਹ ਆਸ ਰੱਖਣਾ ਕਿ ਤੁਹਾਡਾ ਬੱਚਾ ਛੇਤੀ-ਛੇਤੀ ਗਣਿਤ ਦੇ ਨਾਲ ਕੰਮ ਕਰੇ, ਗਣਿਤ ਸੰਬੰਧੀ ਘਬਰਾਹਟ ਦਾ ਕਾਰਨ ਬਣ ਸਕਦਾ ਹੈ। ਪ੍ਰਕਿਰਿਆ ਉੱਤੇ ਜ਼ੋਰ ਦਿਉ ਨਾ ਕਿ ਨਤੀਜੇ ਉੱਤੇ।



## ਖੇਡਾਂ ਬਾਰੇ ਹੋਰ ਜਾਨਣਾ

**ਤੁਹਾਡੇ ਬੱਚੇ ਨੂੰ ਗਣਿਤ ਦੇ ਨਾਲ ਰੁਝਾਉਣ ਦੇ ਵਿੱਚ ਖੇਡਾਂ ਇੱਕ ਅੱਛਾ ਮੌਕਾ ਪ੍ਰਦਾਨ ਕਰਦੀਆਂ ਹਨ, ਖ਼ਾਸ ਤੌਰ 'ਤੇ ਜੇ ਉਹ ਇੱਕ ਚਾਹਵਾਨ ਖਿਡਾਰੀ ਹੋਣ। ਤੁਹਾਡੇ ਬੱਚੇ ਨੂੰ ਆਪਣੀ ਮਨਪਸੰਦ ਖੇਡ ਦੇਖਣ ਜਾਂ ਖੇਡਣ ਵੇਲੇ ਪੁੱਛਣ ਲਈ ਇੱਥੇ ਕੁੱਝ ਸਵਾਲ ਹਨ:**

- ਤੁਹਾਡੀ ਮਨਪਸੰਦ ਖੇਡ ਦੇ ਵਿੱਚ ਸਕੋਰ ਕਿਵੇਂ ਟੈਲੀ ਕੀਤੇ ਜਾਂਦੇ ਹਨ? ਟੈਲੀ ਦੇ ਉੱਪਰ ਕੀ ਗਣਿਤ ਪੇਸ਼ ਕੀਤਾ ਜਾਂਦਾ ਹੈ?
- ਹੋਰ ਖੇਡਾਂ ਵਿੱਚ ਸਕੋਰ ਕਿਵੇਂ ਟੈਲੀ ਕੀਤਾ ਜਾਂਦਾ ਹੈ – ਉਦਾਹਰਨ ਦੇ ਤੌਰ 'ਤੇ ਟੈਨਿਸ, ਗੋਲਫ, ਕ੍ਰਿਕੇਟ, ਨੈੱਟਬਾਲ, ਫੁੱਟਬਾਲ?
- ਸਕੋਰਾਂ ਦਾ ਜੋੜ ਲੱਭਣ ਦੇ ਲਈ ਤੁਸੀਂ ਕਿਸ ਗਣਿਤ ਦਾ ਵਰਤੋਂ ਕਰਦੇ ਹੋ?
- ਸਭ ਤੋਂ ਸਿਖਰ 'ਤੇ ਕੌਣ ਹੈ? ਇਹ ਕਿਵੇਂ ਨਿਰਧਾਰਤ ਕੀਤਾ ਜਾਂਦਾ ਹੈ?
- ਸਕੋਰ ਨੂੰ ਰਿਕਾਰਡ ਕਰਨ ਦੇ ਕੀ ਕੋਈ ਹੋਰ ਤਰੀਕੇ ਹਨ?
- ਤੁਹਾਡੀ ਮਨਪਸੰਦ ਖੇਡ, ਮਿੰਟਾਂ ਅਤੇ ਸਕਿੰਟਾਂ ਦੇ ਹਿਸਾਬ ਨਾਲ ਕਿੰਨੀ ਦੇਰ ਚਲਦੀ ਹੈ? ਖੇਡ ਦੇ ਵਿੱਚ ਵਕਤ ਕਿਸ ਤਰੀਕੇ ਦੇ ਨਾਲ ਵੰਡਿਆ ਜਾਂਦਾ ਹੈ? ਅੱਧ ਵਿੱਚ, ਚੌਥੇ ਹਿੱਸੇ ਵਿੱਚ ਜਾਂ ਕਿਸੇ ਹੋਰ ਤਰੀਕੇ ਦੇ ਨਾਲ?
- ਖੇਡਣ ਦੇ ਮੈਦਾਨ ਜਾਂ ਜ਼ਮੀਨਾਂ ਕਿਸ ਆਕਾਰ ਦੀਆਂ ਹੁੰਦੀਆਂ ਹਨ? ਕੋਨਿਆਂ ਅਤੇ ਕੋਣਾਂ (ਓਨਗਲਏਸ) ਦੇ ਬਾਰੇ ਬੋਲੋ।
- ਖੇਡਣ ਦੀ ਜ਼ਮੀਨ ਦੇ ਘੇਰੇ ਦੀ ਲੰਬਾਈ ਅਤੇ ਜ਼ਮੀਨ ਦੇ ਖੇਤਰਫਲ ਦਾ ਅੰਦਾਜ਼ਾ ਤੁਸੀਂ ਕਿਸ ਤਰੀਕੇ ਦੇ ਨਾਲ ਲਗਾ ਸਕਦੇ ਹੋ?
- MCG ਮੈਦਾਨ ਜਾਂ ਤੁਹਾਡੇ ਸਥਾਨਕ ਖੇਡ ਮੈਦਾਨ 'ਤੇ ਕਿੰਨ੍ਹੀਆਂ ਕਾਰਾਂ ਪਾਰਕ ਕੀਤੀਆਂ ਜਾ ਸਕਦੀਆਂ ਹਨ? ਇਸ ਦਾ ਹਿਸਾਬ ਕਿਸ ਤਰੀਕੇ ਦੇ ਨਾਲ ਲਗਾਇਆ ਜਾ ਸਕਦਾ ਹੈ?

## ਮੌਸਮ ਦਾ ਹਾਲ ਵੇਖਣਾ

**ਕਿਉਂਕਿ ਇਹ ਹਰ ਰੋਜ਼ ਬਦਲਦਾ ਹੈ, ਤੁਹਾਡੇ ਬੱਚੇ ਦੇ ਨਾਲ ਗਣਿਤ ਦੀ ਚਰਚਾ ਕਰਨ ਦੇ ਲਈ ਮੌਸਮ ਇੱਕ ਬਿਹਤਰੀਨ ਵਿਸ਼ਾ ਹੋ ਸਕਦਾ ਹੈ।**

- ਇਸ ਵੈੱਬਸਾਈਟ 'ਤੇ ਜਾਓ http://www.bom.gov.au/vic/
- ਆਪਣੇ ਸਥਾਨਕ ਮੌਸਮ ਦੀਆਂ ਸਥਿਤੀਆਂ ਦੇ ਗ੍ਰਾਫਡ ਰਿਕਾਰਡ ਰੱਖਣ ਲਈ ਥਰਮਾਮੀਟਰ ਅਤੇ/ਜਾਂ ਮੀਂਹ ਦੀ ਮਿਣਤੀ ਕਰਨ ਵਾਲੇ ਗੇਜ ਦੀ ਵਰਤੋਂ ਕਰੋ।
- ਆਪਣੇ ਬੱਚੇ ਨੂੰ ਪੁੱਛੋ ਕਿ ਹਰ ਰੋਜ਼ ਦੇ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਤਾਪਮਾਨਾਂ ਦੇ ਵਿੱਚ ਕਿੰਨਾ ਫ਼ਰਕ ਹੈ? ਕੀ ਉਹ ਕੋਈ ਇੱਕੋ ਜਿਹਾ ਰੂਪ ਜਾਂ ਰਚਨਾ ਜਾਂ ਮੌਸਮ ਦੇ ਬਦਲਾਵ ਦੇ ਕੋਈ ਰੁਝਾਨ ਦੇਖ ਪਾ ਰਹੇ ਹਨ?
- ਮੌਸਮ ਦਾ ਸੱਤ ਦਿਨਾਂ ਦਾ ਪੂਰਵ-ਅਨੁਮਾਨ ਕਿਤੋਂ ਲੱਭ ਲਉ, ਅਤੇ ਫਿਰ ਹਰ ਰੋਜ਼ ਦਾ ਅਸਲੀ ਤਾਪਮਾਨ ਰਿਕਾਰਡ ਕਰੋ ਅਤੇ ਫਿਰ ਇਸ ਦੀ ਤੁਲਨਾ ਕਰੋ। ਆਪਣੇ ਬੱਚੇ ਨੂੰ ਪੁੱਛੋ ਕਿ ਕੀ ਪੂਰਵ-ਅਨੁਮਾਨ ਸਹੀ ਸੀ? ਉਨ੍ਹਾਂ ਨੂੰ ਪੁੱਛੋ ਕਿ ਉਹ ਕੀ ਸਮਾਨਤਾਵਾਂ ਅਤੇ ਅੰਤਰ ਵੇਖ ਸਕਦੇ ਹਨ।
- ਤੁਹਾਡੇ ਇਲਾਕੇ ਅਤੇ ਦੂਸਰੇ ਇਲਾਕਿਆਂ ਦੇ ਮੌਸਮ ਦੇ ਵਿੱਚ ਕੀ ਫ਼ਰਕ ਹੈ ਇਸ ਬਾਰੇ ਹੋਰ ਜਾਣਕਾਰੀ ਇਕੱਠੀ ਕਰਨ ਵਾਸਤੇ ਮੌਸਮ ਵਿਭਾਗ ਦੀ ਵੈੱਬਸਾਈਟ ਉੱਤੇ ਮੌਜੂਦ ਜਾਣਕਾਰੀ ਦਾ ਵਰਤੋਂ ਕਰੋ। ਆਪਣੇ ਬੱਚੇ ਨੂੰ ਪੁੱਛੋ ਕਿ ਦੂਸਰੇ ਇਲਾਕਿਆਂ ਦੀ ਤੁਲਨਾ ਵਿੱਚ ਤੁਹਾਡੇ ਉੱਥੇ ਕਿੰਨਾ ਮੀਂਹ ਪੈਂਦਾ ਹੈ। ਆਪਣੇ ਬੱਚੇ ਨੂੰ ਕਹੋ ਕਿ ਦੂਸਰੇ ਇਲਾਕਿਆਂ ਅਤੇ ਤੁਹਾਡੇ ਇਲਾਕੇ ਦੇ ਤਾਪਮਾਨ ਦੇ ਵਿੱਚ ਅੰਤਰ ਦੀ ਪਛਾਣ ਕਰਨ। ਮੀਂਹ ਘਟਣ ਜਾਂ ਵਧਣ ਦੇ ਨਾਲ ਕੌਣ ਪ੍ਰਭਾਵਿਤ ਹੋ ਸਕਦਾ ਹੈ?





## ਖਾਣਾ ਪਕਾਉਣ ਦੀਆਂ ਵਿਧੀਆਂ (ਰੈਸਿਪੀ) ਸਾਂਝੀਆਂ ਕਰਨੀਆਂ

**ਖਾਣਾ ਪਕਾਉਣ ਵੇਲੇ ਗਣਿਤ ਬਾਰੇ ਚਰਚਾ ਕਰਨ ਦੇ ਨਾਲ ਮਾਪਣ, ਵਕਤ ਅਤੇ ਕੀਮਤ ਨਾਲ ਸੰਬੰਧ ਰੱਖਦਾ ਗਣਿਤ ਦਾ ਸਬਕ ਹਰ ਰੋਜ਼ ਪ੍ਰਦਾਨ ਕੀਤਾ ਜਾ ਸਕਦਾ ਹੈ। ਇੱਥੇ ਕੁੱਝ ਗਤੀਵਿਧੀਆਂ ਦੱਸੀਆਂ ਗਈਆਂ ਹਨ ਜੋ ਕਿ ਤੁਸੀਂ ਘਰ ਦੇ ਅੰਦਰ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ:**

- ਖਾਣਾ ਪਕਾਉਣ ਦੀਆਂ ਵਿਧੀਆਂ ਇਕੱਠੀਆਂ ਕਰ ਕੇ ਪੜ੍ਹੋ ਅਤੇ ਭਾਗ, ਮਿਲੀਲੀਟਰਾਂ ਅਤੇ ਗ੍ਰਾਮਾਂ ਦੇ ਵਰਤੋਂ ਬਾਰੇ ਚਰਚਾ ਕਰੋ। ਆਪਣੇ ਬੱਚੇ ਨੂੰ ਉਤਸ਼ਾਹਤ ਕਰੋ ਕਿ ਉਹ ਮਾਪਣ ਦੇ ਕੱਪ ਅਤੇ ਚਮਚਿਆਂ ਦਾ ਵਰਤੋਂ ਕਰਦੇ ਹੋਏ ਸਹੀ ਮਾਪ ਕਰੇ।
- ਚਰਚਾ ਕਰੋ ਕਿ ਕਿਸ ਤਰੀਕੇ ਦੇ ਨਾਲ ਤੁਸੀਂ ਕਿਸੇ ਰੈਸਿਪੀ ਨੂੰ ਅੱਧਾ ਜਾਂ ਦੁਗਣਾ ਕਰ ਸਕਦੇ ਹੋ। ਆਪਣੇ ਬੱਚੇ ਨੂੰ ਰੈਸਿਪੀ ਦੇ ਲਈ ਮਾਪੀਆਂ ਗਈਆਂ ਚੀਜ਼ਾਂ ਦਾ ਇੱਕ ਰਿਕਾਰਡ ਬਨਾਉਣ ਦੇ ਲਈ ਉਤਸ਼ਾਹਤ ਕਰੋ। ਤੁਹਾਨੂੰ ਇਹ ਕਿਉਂ ਅਤੇ ਕਿਸ ਵੇਲੇ ਕਰਨ ਦੀ ਲੋੜ ਪੈ ਸਕਦੀ ਹੈ, ਇਸ ਦੇ ਬਾਰੇ ਚਰਚਾ ਕਰੋ।
- ਰੈਸਿਪੀ ਦੇ ਉੱਤੇ ਤਾਪਮਾਨ ਅਤੇ ਬਨਾਉਣ ਵਿੱਚ ਲੱਗਣ ਵਾਲੇ ਸਮੇਂ ਦੀ ਪਛਾਣ ਕਰੋ।ਵੱਖ-ਵੱਖ ਰੈਸਿਪੀਆਂ ਦਾ ਤਾਪਮਾਨ ਅਤੇ ਬਨਾਉਣ ਵਿੱਚ ਲੱਗਣ ਵਾਲਾ ਸਮਾਂ ਵੱਖ-ਵੱਖ ਕਿਉਂ ਹੁੰਦਾ ਹੈ ਇਸ ਬਾਰੇ ਚਰਚਾ ਕਰੋ।
- ਰੈਸਿਪੀ ਨੂੰ ਬਨਾਉਣ ਦੇ ਲਈ ਲੱਗਣ ਵਾਲੇ ਸਾਰੇ ਸਮਾਨ ਦੀ ਕੀਮਤ ਦਾ ਅੰਦਾਜ਼ਾ ਲਗਾਉ। ਇਸ ਦੀ ਤੁਲਨਾ, ਉਨ੍ਹਾਂ ਦੀ ਅਸਲ ਕੀਮਤ ਦੇ ਨਾਲ ਕਰੋ। ਆਪਣੇ ਬੱਚੇ ਨੂੰ ਪੁੱਛੋ ਕਿ ਕੀ ਉਹ ਕੀ ਸੋਚਦਾ ਹੈ ਕਿ ਸਮੱਗਰੀ ਖ਼ਰੀਦਣਾ ਅਤੇ ਰਾਤ ਦਾ ਖਾਣਾ ਬਣਾਉਣਾ ਬਿਹਤਰ ਸੀ ਜਾਂ ਟੇਕਅਵੇ ਲੈਣਾ।
- ਰੈਸਿਪੀ ਵਿੱਚ ਵਰਤੋਂ ਕੀਤੇ ਗਏ ਨਾਮਾਂ ਦੇ ਛੋਟੇ ਲਫਜ਼ਾਂ ਦੀ ਇੱਕ ਲਿਸਟ ਤਿਆਰ ਕਰ ਲਉ ਅਤੇ ਉਨ੍ਹਾਂ ਨੂੰ ਪੂਰਾ ਲਿਖੋ – ਉਦਾਹਰਨ ਦੇ ਲਈ, ਲੀ ਤੋਂ ਲੀਟਰ, ਮਿਲੀ ਤੋਂ ਮਿਲੀਲੀਟਰ, ਟਸਪ. ਤੋਂ ਟੀ-ਸਪੂਨ, ਟਬਸਪ. ਤੋਂ ਟੇਬਲ-ਸਪੂਨ
- ਸੁਪਰਮਾਰਕੀਟ ਵਿੱਚ ਮਿਲ ਰਹੀਆਂ ਸਬਜ਼ੀਆਂ ਅਤੇ ਫਲਾਂ ਦੀ ਕੀਮਤ ਦੀ ਤੁਲਨਾ, ਮਾਰਕਿਟ ਵਿੱਚ ਬੈਠੇ ਵਿਕਰੇਤਾ ਕੋਲੋਂ ਮਿਲ ਰਹੀਆਂ ਕੀਮਤਾਂ ਦੇ ਨਾਲ ਕਰ ਕੇ ਛਾਣਬੀਣ ਕਰੋ।

## ਕੈਟਾਲਾਗ (catalogue) ਪੜ੍ਹੋ

**ਪੈਸੇ ਅਤੇ ਪ੍ਰਤਿਸ਼ਤ ਬਾਰੇ ਤੁਹਾਡੇ ਬੱਚੇ ਦੀ ਗਣਿਤ ਦੀ ਜਾਣਕਾਰੀ ਵਿੱਚ ਸੁਧਾਰ ਕਰਨ ਦਾ ਇੱਕ ਬਹੁਤ ਹੀ ਸ਼ਾਨਦਾਰ ਤਰੀਕਾ ਹੋ ਸਕਦਾ ਹੈ, ਕੈਟਾਲਾਗ ਦੇ ਬਾਰੇ ਚਰਚਾ ਕਰਨਾ। ਇੱਥੇ ਕੁੱਝ ਸਵਾਲ ਦਿੱਤੇ ਗਏ ਹਨ ਜੋ ਕਿ ਤੁਸੀਂ ਪੁੱਛ ਸਕਦੇ ਹੋ:**

- ਕੈਟਾਲਾਗ ਵਿੱਚੋਂ ਤੁਸੀਂ $40 ਨੂੰ ਕਿਸ ਤਰੀਕੇ ਦੇ ਨਾਲ ਖ਼ਰਚੋਗੇ? $40 ਵਿੱਚ ਤੁਸੀਂ ਕਿੰਨੇ ਉਤਪਾਦਾਂ ਦੀ ਖ਼ਰੀਦ ਕਰ ਸਕਦੇ ਹੋ?
- ਕੈਟਾਲਾਗ ਵਿੱਚੋਂ ਪੰਜ ਉਤਪਾਦਾਂ ਨੂੰ ਚੁਣ ਲਉ ਅਤੇ ਇਸ ਤੋਂ ਬਾਅਦ ਹਿਸਾਬ ਲਗਾਉ ਕਿ ਜੇ 50% ਦੀ ਸੇਲ ਲੱਗੀ ਹੋਏ ਤਾਂ ਕੀਮਤ ਕਿੰਨੀ ਹੋਵੇਗੀ। ਪੰਜਾਂ ਦੀ ਕੀਮਤ ਦੇ ਜੋੜ ਉੱਤੇ 50% ਘਟਾ ਕੇ, ਜਾਂ ਫਿਰ ਹਰ ਇੱਕ ਉਤਪਾਦ ਨੂੰ 50% ਘਟਾ ਕੇ ਫਿਰ ਉਨ੍ਹਾਂ ਦਾ ਜੋੜ ਕਰਨ ਵਿੱਚ ਕੀ ਕੋਈ ਫ਼ਰਕ ਆਵੇਗਾ?
- ਕੈਟਾਲਾਗ ਵਿੱਚ ਸੇਲ 'ਤੇ ਲੱਗੀ ਸਭ ਤੋਂ ਜ਼ਿਆਦਾ ਕਿਫ਼ਾਇਤੀ ਚੀਜ਼ ਕਿਹੜੀ ਹੈ? ਕੀ ਤੁਸੀਂ ਆਪਣੇ ਕਾਰਨ ਸਮਝਾ ਸਕਦੇ ਹੋ?
- ਵੱਖਰੇ-ਵੱਖਰੇ ਕੈਟਾਲਾਗਾਂ ਦੀ ਵਰਤੋਂ ਕਰਦੇ ਹੋਏ, ਵੱਖ-ਵੱਖ ਸਟੋਰਾਂ ਵਿੱਚ, ਕਿਸੇ ਇੱਕ ਉਤਪਾਦ ਦੀ ਕੀਮਤ ਦੀ ਤੁਲਨਾ ਕਰੋ। ਇਸ ਦੇ ਨਾਲ ਤੁਸੀਂ ਕੀ ਪਤਾ ਲਗਾਇਆ?
- ਇੱਕ ਉਦਾਹਰਨ ਲੱਭੋ ਜਿੱਥੇ ਇੱਕ ਤੋਂ ਵੱਧ ਚੀਜ਼ਾਂ ਲਈ ਛੋਟ ਹੈ। ਗਣਨਾ ਕਰੋ ਕਿ ਅਜਿਹਾ ਕਰਨਾ ਅਸਲ ਵਿੱਚ ਕਿੰਨੀ ਪੈਸੇ ਬਚਾਏਗਾ।
- 'ਵਿਚਾਰ ਕਰੋ ਕਿ ਕਿਸੇ ਚੀਜ਼ ਦਾ 10% ਅਤੇ ਫਿਰ 20% ਕਿਵੇਂ ਲੱਭਣਾ ਹੈ। ਕੀ ਕੋਈ ਅਜਿਹਾ ਪੈਟਰਨ ਹੈ ਜੋ 10% ਦੇ ਗੁਣਜ ਵਿੱਚ ਗਣਨਾ ਕਰਨ ਨੂੰ ਆਸਾਨ ਬਣਾਵੇਗਾ?'

## ਯਾਤਰਾ ਸਮਾਂ ਸਾਰਣੀ (Travel timetables)

**ਇੱਥੇ ਕੁੱਝ ਸਵਾਲ ਦਿੱਤੇ ਗਏ ਹਨ ਉਹਨਾਂ ਦੇ ਸਮੇਂ ਦੇ ਗਿਆਨ ਅਤੇ ਉਹਨਾਂ ਦੇ ਸਮੱਸਿਆ ਹੱਲ ਕਰਨ ਦੇ ਹੁਨਰ ਨੂੰ ਬਿਹਤਰ ਬਣਾਉਂਦੇ ਹਨ:**

- ਕੀ ਤੁਸੀਂ ਇਹ ਪਛਾਣ ਕਰ ਸਕਦੇ ਹੋ ਕਿ ਇਸ ਸਮੇਂ ਸਾਰਣੀ ਦਾ ਸ਼ੁਰੂਆਤੀ ਬਿੰਦੂ ਕਿੱਥੇ ਹੈ?
- ਇਸ ਰੂਟ ਉੱਤੇ ਜਾਣ ਦੇ ਲਈ ਸਭ ਤੋਂ ਪਹਿਲਾ ਅਤੇ ਸਭ ਤੋਂ ਅਖੀਰਲਾ ਵੇਲਾ ਕੀ ਹੈ?
- ਇਸ ਪੂਰੇ ਰਸਤੇ ਉੱਤੇ ਸਫ਼ਰ ਕਰਨ ਦੇ ਵਿੱਚ ਕੁਲ ਕਿੰਨਾਂ ਵਕਤ ਲੱਗਦਾ ਹੈ?
- ਇਸ ਰੂਟ ਦੇ ਉੱਪਰ ਕੁਲ ਕਿੰਨੇ ਸਟੌਪ (ਅੱਡੇ) ਹਨ?
- ਜੇ ਸਾਰੇ ਸਟੌਪ ਨਾ ਰੁਕਿਆ ਜਾਏ, ਤਾਂ ਸਫ਼ਰ ਕਰਨ ਲਈ ਲੱਗਣ ਵਾਲੇ ਸਮੇਂ ਵਿੱਚ ਕੀ ਫ਼ਰਕ ਪੈਂਦਾ ਹੈ?
- ਕੀਮਤ ਕੀ ਹੈ? ਯਾਤਰਾ ਦੇ ਦੂਸਰੇ ਵਿਕਲਪਾਂ ਦੇ ਮੁਕਾਬਲੇ ਵਿੱਚ ਕੀ ਇਹ ਕਿਫ਼ਾਇਤੀ ਹੈ?
- ਯਾਤਰਾ ਕਰਨ ਦੇ ਲਈ ਸਭ ਤੋਂ ਵਧੀਆ ਰੂਟ ਕਿਹੜਾ ਹੈ? ਤੁਸੀਂ ਇਹ ਕਿਉਂ ਸੋਚਦੇ ਹੋ?
- ਟ੍ਰੇਨਿੰਗ ਦੇ ਲਈ ਸਮੇਂ ਸਿਰ ਪਹੁੰਚਣ ਦੇ ਲਈ, ਤੁਹਾਨੂੰ ਕਿੰਨੇ ਵਜੇ ਨਿਕਲਣਾ ਪਵੇਗਾ?



## ਪੈਸਾ ਸੰਭਾਲਣਾ

**ਇਹ ਬਹੁਤ ਹੀ ਜ਼ਰੂਰੀ ਗੱਲ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਪੈਸੇ ਬਾਰੇ ਸੋਚਣ, ਪੈਸਾ ਬਚਾਉਣ ਬਾਰੇ ਸੋਚਣ ਅਤੇ ਇਸ ਬਾਰੇ ਵਿਚਾਰ ਕਰਨ ਕਿ ਉਹ ਪੈਸਾ ਕਿਵੇਂ ਖਰਚਦੇ ਹਨ? ਇੱਥੇ ਕੁੱਝ ਸੁਝਾਅ ਅਤੇ ਗਤੀਵਿਧੀਆਂ ਦੱਸੀਆਂ ਗਈਆਂ ਹਨ:**

- ਆਪਣੇ ਬੱਚੇ ਨੂੰ ਇਹ ਹਿਸਾਬ ਲਗਾਉਣ ਬਾਰੇ ਉਤਸ਼ਾਹਿਤ ਕਰੋ ਕਿ ਕੋਈ ਖ਼ਰੀਦ ਕਰਨ ਤੋਂ ਬਾਅਦ, ਤੁਹਾਨੂੰ ਕਿੰਨੇ ਪੈਸੇ ਵਾਪਸ ਮਿਲਣਗੇ।
- ਰਲ ਕੇ ਪਰਿਵਾਰਕ ਯਾਤਰਾਵਾਂ ਦੀਆਂ ਕੀਮਤਾਂ ਦੀ ਛਾਣਬੀਣ ਕਰੋ। ਉਦਾਹਰਨ ਦੇ ਤੌਰ ‘ਤੇ, ਕਿਸੇ ਥੀਮ ਪਾਰਕ ‘ਤੇ ਜਾਣ ਦੀ ਕੀਮਤ ਵਿੱਚ ਸ਼ਾਮਲ ਹੁੰਦੀ ਹੈ, ਆਵਾਜਾਈ ਦੀ ਕੀਮਤ, ਐਂਟਰੀ ਟਿਕਟ, ਖਾਣਾ-ਪੀਣਾ ਅਤੇ ਆਵਾਜਾਈ।
- ਤੋਹਫ਼ਿਆਂ ਜਾਂ ਕੋਈ ਅਜਿਹੀ ਚੀਜ਼ ਜੋ ਤੁਹਾਡਾ ਬੱਚਾ ਖ਼ਰੀਦਣਾ ਚਾਹੁੰਦਾ ਹੋਵੇ, ਉਸ ਦੇ ਲਈ ਪੈਸਾ ਬਚਾਉਣ ਬਾਰੇ ਚਰਚਾ ਕਰੋ। ਹਿਸਾਬ ਲਗਾਉ ਕਿ ਜੇ ਉਨ੍ਹਾਂ ਨੂੰ ਹਰ ਹਫ਼ਤੇ ਥੋੜ੍ਹੀ ਮਾਤਰਾ ਵਿੱਚ ਕੁੱਝ ਪੈਸੇ ਮਿਲਦੇ ਹਨ, ਤਾਂ ਇੰਨਾ ਪੈਸਾ ਬਚਾਉਣ ਦੇ ਲਈ ਕਿੰਨਾ ਵਕਤ ਲੱਗੇਗਾ।
- ਪਾਕੇਟ ਮਨੀ ਨੂੰ ਵਧਾਉਣ ਬਾਰੇ ਚਰਚਾ, ਪ੍ਰਤੀਸ਼ਤ ਦੇ ਹਿਸਾਬ ਨਾਲ ਕਰੋ। ਉਦਾਹਰਨ ਦੇ ਲਈ, 5% ਵਧਣ ਦੇ ਨਾਲ, ਹਰ ਹਫ਼ਤੇ ਦੇ ਕਿੰਨੇ ਪੈਸੇ ਬਣਨਗੇ? ਕੀ ਇਹ ਹਰ ਮਹੀਨੇ ਵਧਾਉਣ ਨਾਲੋਂ ਜ਼ਿਆਦਾ ਵਧੀਆ ਹੈ?
- ਆਪਣੇ ਬੱਚੇ ਨੂੰ ਪਾਕੇਟ ਮਨੀ ਜਾਂ ਜਨਮ ਦਿਨ ਦੀ ਮਨੀ ਦਾ ਕੁੱਝ ਪ੍ਰਤੀਸ਼ਤ ਬਚਾ ਕੇ ਰੱਖਣ ਦੇ ਲਈ ਉਤਸ਼ਾਹਿਤ ਕਰੋ ਅਤੇ ਹਿਸਾਬ ਲਗਾਉ ਇਹ ਕਿੰਨਾ ਪੈਸਾ ਬਣੇਗਾ। ਉਦਾਹਰਨ ਦੇ ਲਈ, ਤੁਹਾਡੇ ਕੋਲ ਕਿੰਨਾ ਪੈਸਾ ਹੋਣਾ ਸੀ, ਜੇ ਤੁਸੀਂ 40% ਹਰ ਹਫ਼ਤੇ ਬਚਾਇਆ ਹੁੰਦਾ?
- ਅਖਬਾਰ ਪੜ੍ਹੋ ਜਾਂ ਖਬਰਾਂ ਵੇਖੋ। ਚਰਚਾ ਕਰੋ ਕਿ ਸ਼ੇਅਰ ਬਜ਼ਾਰ ਦੇ ਨਾਲ ਕੀ ਹੋ ਰਿਹਾ ਹੈ ਅਤੇ ਇਹ ਬਦਲਾਵ ਕਿਉਂ ਹੋ ਸਕਦੇ ਹਨ?





## ਭਾਗ ਬਾਰੇ ਸਮਝਣਾ

**ਭਾਗ ਕੱਢਣਾ** (Fractions), **ਗਣਿਤ ਦਾ ਇੱਕ ਵਿਸ਼ਾ ਹੈ ਜੋ ਰੋਜ਼ ਦੀ ਜ਼ਿੰਦਗੀ ਨਾਲ ਸਿੱਧਾ ਸੰਬੰਧ ਰੱਖਦਾ ਹੈ। ਸਮੱਸਿਆਵਾਂ ਦਾ ਹੱਲ ਕੱਢਣ ਅਤੇ ਫ਼ੈਸਲੇ ਲੈਣ ਦੇ ਲਈ ਅਸੀਂ ਭਾਗ ਕੱਢਣ ਦੇ ਸਾਡੇ ਗਿਆਨ ਦਾ ਵਰਤੋਂ ਹਰ ਵਕਤ ਕਰਦੇ ਰਹਿੰਦੇ ਹਾਂ।**

ਭਾਗ ਕੱਢਣ ਬਾਰੇ ਗੱਲ ਕਰਣ ਦੇ ਲਈ ਗਣਿਤ ਵਾਲੀ ਭਾਸ਼ਾ ਦਾ ਵਰਤੋਂ ਕਰ ਕੇ ਆਪਣੇ ਬੱਚੇ ਨੂੰ ਸਹਿਯੋਗ ਦਿਉ।ਇੱਥੇ ਕੁੱਝ ਗਣਿਤ ਦੀ ਭਾਸ਼ਾ ਦੇ ਸ਼ਬਦ ਦਿੱਤੇ ਗਏ ਹਨ ਜੋ ਕਿ ਤੁਹਾਡਾ ਬੱਚਾ ਸਕੂਲ ਦੇ ਅੰਦਰ ਵਰਤੋਂ ਕਰਦਾ ਹੈ:

**ਅੰਸ਼ਿਕ/ਭਿੰਨ** - ਪੂਰਨ ਅੰਕ ਦਾ ਕੋਈ ਵੀ ਹਿੱਸਾ, ਸਮੂਹ ਜਾਂ ਸੰਖਿਆਂ (ਉਦਾਹਰਨ ਲਈ, $\frac{4}{5}$)

**ਅੰਸ਼** - ਪੂਰਨ ਅੰਕ ਦੇ ਭਾਗਾਂ ਦੀ ਸੰਖਿਆਂ ਨੂੰ ਦਰਸਾਉਂਦਾ ਹੈ (ਉਦਾਹਰਨ ਲਈ, ਅੰਸ਼ $\frac{4}{5}$ ਵਿੱਚ, ਹੇਠਲਾ ਅੰਕ 4 ਹੈ)

**ਹਰ** - ਇਹ ਦਿਖਾਉਂਦਾ ਹੈ ਕਿ ਪੂਰਨ ਅੰਕ ਨੂੰ ਕਿੰਨੇ ਬਰਾਬਰ ਭਾਗਾਂ ਵਿੱਚ ਵੰਡਿਆ ਗਿਆ ਹੈ (ਉਦਾਹਰਨ ਲਈ, ਭਿੰਨ $\frac{4}{5}$ ਵਿੱਚ, 5 ਹਰ ਹੈ)

**ਸਹੀ ਭਿੰਨ** - ਜਦੋਂ ਅੰਸ਼ ਦਾ ਮੁੱਲ ਹਰ ਤੋਂ ਘੱਟ ਹੁੰਦਾ ਹੈ (ਉਦਾਹਰਨ ਲਈ, $\frac{3}{5}$)

**ਇਮਪ੍ਰੌਪਰ ਫ੍ਰੈਕਸ਼ਨ (Improper fraction)** – ਜਦ ਨਿਊਮੀਰੇਟਰ, ਡੀਨੌਮੀਨੇਟਰ ਨਾਲੋਂ ਵੱਡਾ ਹੋਵੇ ਜਾਂ ਉਸਦੇ ਬਰਾਬਰ ਹੋਵੇ (ਉਦਾਹਰਨ ਦੇ ਲਈ, $\frac{5}{3}$)

**ਇਕੁਈਵੇਲੈਂਟ ਫ੍ਰੈਕਸ਼ਨ (Equivalent fraction)** – ਭਾਗ ਜਿਨ੍ਹਾਂ ਦਾ ਬਰਾਬਰ ਮੁੱਲ ਜਾਂ ਰਕਮ ਹੋਵੇ (ਉਦਾਹਰਨ ਦੇ ਲਈ, $\frac{2}{3} = \frac{4}{6}$)

**ਮਿਸ਼ਰਤ ਸੰਖਿਆਂ** - ਇੱਕ ਪੂਰਨ ਸੰਖਿਆਂ ਅਤੇ ਇੱਕ ਅੰਸ਼ (ਉਦਾਹਰਨ ਲਈ, $1\frac{1}{2}$)

ਬੱਚੇ ਸਿੱਖਣਾ ਸ਼ੁਰੂ ਕਰਦੇ ਹਨ ਕਿ ਪੂਰੇ ਨੰਬਰਾਂ ਦੇ ਦਰਮਿਆਨ ਕਈ ਸਾਰੇ ਨੰਬਰ ਹੁੰਦੇ ਹਨ। ਤੁਹਾਡੇ ਬੱਚੇ ਨੂੰ ਇਹ ਸਮਝਾਉਣ ਦੇ ਲਈ, ਨੰਬਰ ਲਾਈਨ ਇੱਕ ਪ੍ਰਭਾਵੀ ਮਾਡਲ ਹੈ:




ਤੁਹਾਡਾ ਬੱਚਾ ਅੰਸ਼ਾਂ, ਦਸ਼ਮਲਵ, ਅਨੁਪਾਤ ਅਤੇ ਪ੍ਰਤੀਸ਼ਤ ਦੇ ਵਿਚਕਾਰ ਸਬੰਧਾਂ ਦੀ ਸਮਝ ਵੀ ਵਿਕਸਿਤ ਕਰਨਾ ਸ਼ੁਰੂ ਕਰ ਦਿੰਦਾ ਹੈ।

**ਡੈਸੀਮਲ (ਦਸ਼ਮਲਵ) (Decimals)** – ਇੱਕ ਅੰਸ਼ ਜੋ ਕਿ ਕਿਸੇ ਪੂਰੇ ਨੂੰ ਬਰਾਬਰ ਦੇ ਦਸ (ਦਸਵੇਂ), ਜਾਂ ਬਰਾਬਰ ਦੇ ਸੌ (ਸੌਵੇਂ) ਹਿੱਸਿਆਂ ਅੰਦਰ ਵੰਡ ਕੇ ਬਣਾਈ ਗਈ ਹੈ। ਉਦਾਹਰਨ ਦੇ ਲਈ, ਪੂਰੇ 100 ਪੈੱਨਾਂ ਵਿੱਚੋਂ 75 ਲਾਲ ਪੈੱਨਾਂ ਨੂੰ 0.75 ਜਾਂ .75 ਦੇ ਤੌਰ 'ਤੇ ਲਿਖਿਆ ਜਾ ਸਕਦਾ ਹੈ।

**ਰੇਸ਼ੋ (ਅਨੁਪਾਤ) (Ratio)** – ਦੋ ਜਾਂ ਉਸ ਤੋਂ ਜ਼ਿਆਦਾ ਰਕਮਾਂ ਦੀ ਆਪਸ ਵਿੱਚ ਤੁਲਨਾ। ਉਦਾਹਰਨ ਦੇ ਲਈ, ਫਲਾਂ ਦੇ ਇੱਕ ਕਟੋਰੇ ਵਿੱਚ 3 ਸੇਬ ਅਤੇ 4 ਨਾਸ਼ਪਤੀਆਂ ਹਨ। ਸੇਬਾਂ ਦੀ ਨਾਸ਼ਪਤੀਆਂ ਦੇ ਨਾਲ ਅਨੁਪਾਤ ਨੂੰ 3:4 ਦੇ ਰੂਪ ਵਿੱਚ ਲਿਖਿਆ ਜਾਂਦਾ ਹੈ।

**ਪ੍ਰਤੀਸ਼ਤ (Percentage)** – 100 ਵਿੱਚੋਂ ਕੱਢੇ ਗਏ ਹਿੱਸੇ ਵਾਲਾ ਨੰਬਰ ਹੁੰਦਾ ਹੈ। ਉਦਾਹਰਨ ਦੇ ਲਈ, 100 ਬਟਨਾਂ ਦੇ ਸੰਗ੍ਰਹਿ ਵਿੱਚੋਂ, 75 ਲਾਲ ਹਨ। ਇਸ ਨੂੰ 75 ਪ੍ਰਤੀਸ਼ਤ ਜਾਂ 75% ਦੇ ਰੂਪ ਵਿੱਚ ਲਿਖਿਆ ਜਾ ਸਕਦਾ ਹੈ।

**ਇਸ ਬਾਰੇ ਸਕਾਰਾਤਮਕ ਗੱਲ ਕਰੋ ਕਿ ਤੁਸੀਂ ਰੋਜ਼ਾਨਾ ਜੀਵਨ ਵਿੱਚ ਅੰਸ਼ਾਂ ਦੀ ਵਰਤੋਂ ਕਿਵੇਂ ਕਰਦੇ ਹੋ। ਤੁਹਾਡੇ ਬੱਚੇ ਲਈ ਅੰਸ਼ਾਂ ਦੇ ਮਾਡਲ ਬਣਾਉਣਾ ਉਹਨਾਂ ਦੀ ਭਿੰਨਾਂ ਦੀ ਸਮਝ ਦਾ ਸਮਰਥਨ ਕਰੇਗਾ।ਰੋਜ਼ਮਰਾ ਵਸਤੂਆਂ ਦੀ ਵਰਤੋਂ ਕਰਕੇ ਇਹਨਾਂ ਵਿੱਚੋਂ ਕੁੱਝ ਵਿਚਾਰਾਂ ਨੂੰ ਅਜ਼ਮਾਉਣ ਦੀ ਕੋਸ਼ਿਸ਼ ਕਰੋ:**

- ਸੰਤਰੇ ਨੂੰ ਕੱਟਦੇ ਹੋਏ, ਕੀ ਤੁਸੀਂ ਮੈਨੂੰ ਅੱਧ ਅਤੇ ਇੱਕ ਚੌਥਾਈ ਹਿੱਸਾ ਵਿਖਾ ਸਕਦੇ ਹੋ?
- ਕੀ ਤੁਸੀਂ ਸੇਬ ਨੂੰ ਕੱਟ ਕੇ ਛੇ ਬਰਾਬਰ ਦੇ ਹਿੱਸੇ ਬਣਾ ਸਕਦੇ ਹੋ? ਇੱਕ ਹਿੱਸਾ, ਪੂਰੇ ਸੇਬ ਦਾ ਕਿੰਨਵਾਂ ਫ੍ਰੈਕਸ਼ਨ ਹੈ? ਚਾਰ ਟੁਕੜੇ? ਤੁਸੀਂ ਇਹ ਕਿਵੇਂ ਕਹਿ ਸਕਦੇ ਹੋ?
- ਗਲਾਸ ਦਾ ਕਿੰਨਾ ਪ੍ਰਤੀਸ਼ਤ ਪਾਣੀ ਨਾਲ ਭਰਿਆ ਹੋਇਆ ਹੈ? ਗਲਾਸ ਵਿੱਚ ਪਾਣੀ ਅਤੇ ਹਵਾ ਦਾ ਅਨੁਪਾਤ ਕੀ ਹੈ?
- ਘੜੀ ਦੇ ਕਾਂਟੇ, ਇੱਕ ਚੌਥਾਈ ਘੰਟੇ ਦਾ ਵਕਤ ਕਿਸ ਤਰੀਕੇ ਦੇ ਨਾਲ ਵਿਖਾਉਂਦੇ ਹਨ? ਵਕਤ ਦੱਸਦੇ ਵੇਲੇ ਅਸੀਂ 'ਪੌਣੇ' ਸ਼ਬਦ ਦੀ ਵਰਤੋਂ ਕਿਉਂ ਕਰਦੇ ਹਾਂ?
- ਜੇਕਰ ਤੁਸੀਂ ਤੌਲੀਏ ਨੂੰ ਤਿੰਨ ਵਾਰ ਬਰਾਬਰ ਮੋੜਦੇ ਹੋ, ਤਾਂ ਇਹ ਕਿਹੜਾ ਅੰਸ਼ ਦਰਸਾਉਂਦਾ ਹੈ?

## ਔਨਲਾਈਨ ਜੁੜਨਾ

ਇੱਥੇ ਕੁੱਝ ਹੋਰ ਉਪਯੋਗੀ ਵੈੱਬਸਾਈਟਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਨੂੰ ਤੁਸੀਂ ਆਪਣੇ ਘਰੋਂ ਜਾਂ ਲਾਇਬ੍ਰੇਰੀ ਵਿੱਚ ਦੇਖ ਸਕਦੇ ਹੋ। ਇਨ੍ਹਾਂ ਵਿੱਚੋਂ ਕਈ, ਵੱਖ-ਵੱਖ ਉਪਕਰਨਾਂ ਉੱਤੇ, ਬਤੌਰ ਐਪ ਡਾਊਨਲੋਡ ਕਰਨ ਦੇ ਲਈ ਵੀ ਉਪਲਬਧ ਹਨ:

- https://fuse.education.vic.gov.au (select Early Childhood or Primary Students tabs)
- http://splash.abc.net.au
- http://www.ictgames.com/resources.html
- https://www.scratchjr.org/
- https://www.kodable.com/parents

© State of Victoria (Department of Education and Training) 2022

ਹਰ ਰੋਜ਼ ਤੁਹਾਡੇ ਬੱਚੇ ਦੀ ਮੱਦਦ ਕਰਨ ਲਈ ਸਾਖਰਤਾ ਅਤੇ ਅੰਕ-ਗਿਆਨ ਦੇ ਸੁਝਾਅ Creative Commons Attribution 4.0 International (ਕਰੀਏਟਿਵ ਕਾਮਨਜ਼ ਐਟ੍ਰਬਿਊਸ਼ਨ 4.0 ਇੰਟਰਨੈਸ਼ਨਲ) ਲਾਇਸੈਂਸ ਦੇ ਤਹਿਤ ਪ੍ਰਦਾਨ ਕੀਤੇ ਗਏ ਹਨ। ਤੁਸੀਂ ਇਸ ਲਾਈਸੈਂਸ ਦੇ ਅਧੀਨ ਉਸ ਕੰਮ ਦੀ ਮੁੜ-ਵਰਤੋਂ ਇਸ ਸ਼ਰਤ 'ਤੇ ਕਰਨ ਲਈ ਸੁਤੰਤਰ ਹੋ ਕਿ ਤੁਸੀਂ State of Victoria (Department of Education and Training) ਨੂੰ ਕ੍ਰੈਡਿਟ ਦਿੰਦੇ ਹੋ, ਇਹ ਦਰਸਾਓ ਕਿ ਕੀ ਬਦਲਾਅ ਕੀਤੇ ਗਏ ਸਨ ਅਤੇ ਲਾਇਸੰਸ ਦੀਆਂ ਹੋਰ ਸ਼ਰਤਾਂ ਦੀ ਪਾਲਣਾ ਕੀਤੀ ਗਈ ਹੈ, ਵੇਖੋ: Creative Commons Attribution 4.0 International

ਇਹ ਲਾਈਸੈਂਸ ਇਹਨਾਂ 'ਤੇ ਲਾਗੂ ਨਹੀਂ ਹੁੰਦਾ ਹੈ:

- ਵਿਕਟੋਰੀਆ ਸਰਕਾਰ ਦੇ ਲੋਗੋ ਅਤੇ DET ਲੋਗੋ ਸਮੇਤ ਕੋਈ ਵੀ ਚਿੱਤਰ, ਫੋਟੋਆਂ, ਟ੍ਰੇਡਮਾਰਕ ਜਾਂ ਬ੍ਰਾਂਡਿੰਗ; ਅਤੇ
- ਤੀਜੀ ਧਿਰ ਦੁਆਰਾ ਸਪਲਾਈ ਕੀਤੀ ਸਮੱਗਰੀ।

ਕਾਪੀਰਾਈਟ ਬਾਰੇ ਸਵਾਲ copyright@education.vic.gov.au 'ਤੇ ਭੇਜੇ ਜਾ ਸਕਦੇ ਹਨ।